ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/1948995582124531/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

YouTube https://youtu.be/LQwolgxDu7I

International Daily Newspaper & WEB TV

awazeqaumtvpunjab@gmail.com

ਸ਼ਨੀਵਾਰ, 25 ਅਕਤੂਬਰ 2025 (ਨਾਨਕਸ਼ਾਹੀ ਸੰਮਤ : ੫੫੭, ੯ ਕੱਤਕ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਨਸ਼ੇ ਦੀ ਪੂਰਤੀ ਲਈ ਮਾਪਿਆਂ ਵੱਲੋਂ ਆਪਣੇ 3 ਮਹੀਨੇ ਦੇ ਬੱਚੇ ਨੂੰ ਵੇਚਣ ਦਾ ਮਾਮਲਾ, ਪੁਲਿਸ ਕਰ ਰਹੀ ਹੈ ਮਾਮਲੇ ਦੀ ਜਾਂਚ

**ਮਾਨਸਾ, 24 ਅਕਤੂਬਰ (ਆਵਾਜ਼ਿ ਕੌਮ ਬਿਊਰੋ)**- ਮਾਨਸਾ ਜ਼ਿਲ੍ਹੇ ਦੇ ਪਿੰਡ ਅਕਬਰਪੁਰ ਖਡਾਲ ਤੋਂ ਇੱਕ ਤਿੰਨ ਮਹੀਨੇ ਦੀ ਮਾਸੂਮ ਬੱਚੇ ਨੂੰ ਨਸ਼ੇ ਦੀ ਪੂਰਤੀ ਦੇ ਲਈ ਵੇਚਣ ਦਾ ਮਾਮਲਾ ਸਾਹਮਣੇ ਆਇਆ ਹੈ। ਬੱਚੇ ਦੀ ਮਾਂ ਵੱਲੋਂ ਪੁਲਿਸ ਕੋਲ ਸ਼ਿਕਾਇਤ ਦੇ ਕੇ ਆਪਣੇ ਬੱਚੇ ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ। ਉਧਰ ਪੁਲਿਸ ਨੇ ਬੱਚੇ ਨੂੰ ਵੇਚਣ ਦੀ ਗੱਲ ਨੂੰ ਨਕਾਰਦੇ ਹੋਏ ਨਹੀਂ ਇਸ ਮਾਮਲੇ ਦੀ ਜਾਂਚ ਕਰਨ ਦੀ ਗੱਲ ਕਹੀ ਹੈ। ਮਾਨਸਾ ਜਿਲੇ ਦੇ ਕਸਬਾ ਬਰੇਟਾ ਦੇ ਅਧੀਨ ਆਉਂਦੇ ਪਿੰਡ ਅਕਬਰਪੁਰ ਖੁਡਾਲ ਦੇ ਵਿੱਚ ਇੱਕ ਮਾਂ ਨੇ ਬਰੇਟਾ ਪੁਲਿਸ ਨੂੰ ਸ਼ਿਕਾਇਤ ਦੇ ਕੇ ਆਰੋਪ ਲਗਾਇਆ ਹੈ ਕਿ ਉਸਦੇ ਪਤੀ ਅਤੇ ਸੱਸ ਵੱਲੋਂ ਨਸ਼ੇ ਦੀ ਪੂਰਤੀ ਦੇ ਲਈ ਉਸ ਦੇ ਤਿੰਨ ਮਹੀਨੇ ਦੇ ਮਾਸੂਮ ਬੱਚੇ ਵੇਚਣ ਦਾ ਆਰੋਪ ਲਗਾਇਆ ਹੈ। ਨਾਲ ਬਰੇਟਾ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਉਹਨਾਂ ਦੱਸਿਆ ਕਿ ਉਸ ਦੇ ਪਤੀ ਅਤੇ ਸੱਸ ਵੱਲੋਂ ਨਸ਼ੇ ਦੀ ਪੂਰਤੀ ਦੇ ਲਈ ਉਸਦੇ ਬੱਚੇ ਨੂੰ ਇਕ ਲੱਖ 80 ਹਜ਼ਾਰ ਰੁਪਏ ਦੇ ਵਿੱਚ ਵੇਚਿਆ ਗਿਆ ਹੈ। ਜਿਸ ਤੋਂ ਬਾਅਦ ਹੁਣ ਉਹਨਾਂ ਵੱਲੋਂ ਆਪਣੇ ਬੱਚੇ ਦੀ ਵਾਪਸੀ ਦੇ ਲਈ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਹੈ। ਉਧਰ ਬੁਢਲਾਡਾ ਪੁਲਿਸ ਦੇ ਡੀਐਸਪੀ ਸਿਕੰਦਰ ਸਿੰਘ ਨੇ ਕਿਹਾ ਕਿ ਮਾਮਲਾ ਬੱਚੇ ਨੂੰ ਵੇਚਣ ਦਾ ਸਾਹਮਣੇ ਆਇਆ ਹੈ ਪਰ ਅਜੇ ਤੱਕ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ ਬੱਚੇ ਦੇ ਮਾਤਾ- ਪਿਤਾ ਨਸ਼ੇ ਦੇ ਆਦੀ ਹਨ ,ਜਿਨਾਂ ਦਾ ਪੁਲਿਸ ਵੱਲੋਂ ਇਲਾਜ ਵੀ ਕਰਵਾਇਆ ਗਿਆ ਸੀ।

## ਭਾਈ ਰਾਜੋਆਣਾ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਕੀਤੀ ਅਪੀਲ

# '14 ਸਾਲ ਹੋ ਗਏ ਕੇਂਦਰ ਅੱਗੇ... ਅਗਲਾ ਫੈਸਲਾ ਲਿਆ ਜਾਵੇ'

**ਪਟਿਆਲਾ, 24 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਲੰਬੇ ਸਮੇਂ ਜੇਲ੍ਹ 'ਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਅਪੀਲ ਕੀਤੀ ਹੈ ਕਿ "ਜਲਦ ਅਗਲਾ ਫੈਸਲਾ ਲਿਆ ਜਾਵੇ"। ਭਾਈ ਰਾਜੋਆਣਾ ਨੇ ਇਹ ਅਪੀਲ ਸ਼ੁੱਕਰਵਾਰ ਨੂੰ ਪਟਿਆਲਾ ਦੇ ਰਾਜਿੰਦਰਾ ਹਸਪਤਾਲ 'ਚ ਇਲਾਜ ਲਈ ਲਿਆਂਦੇ ਜਾਣ ਦੌਰਾਨ ਕੀਤੀ। ਜਾਣਕਾਰੀ ਅਨੁਸਾਰ, ਭਾਈ ਰਾਜੋਆਣਾ ਨੂੰ ਦੰਦ ਵਿੱਚ ਤਕਲੀਫ਼ ਸੀ, ਜਿਸ ਕਾਰਨ ਉਨ੍ਹਾਂ ਨੇ ਇਲਾਜ ਲਈ ਅਰਜ਼ੀ ਦਿੱਤੀ ਹੋਈ ਸੀ। ਇਸ ਤਹਿਤ ਉਨ੍ਹਾਂ ਨੂੰ ਭਾਰੀ ਪੁਲਿਸ ਸੁਰੱਖਿਆ ਹੇਠ ਦੰਦ ਦੇ ਇਲਾਜ ਲਈ ਰਾਜਿੰਦਰਾ ਹਸਪਤਾਲ ਲਿਆਂਦਾ ਗਿਆ ਸੀ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਕਿਹਾ, "30 ਸਾਲ ਹੋ ਗਏ ਹਨ, ਅਤੇ ਮੈਂ 19 ਸਾਲਾਂ ਤੋਂ ਫਾਂਸੀ ਦੇ ਤਖ਼ਤੇ 'ਤੇ ਹਾਂ। ਅਪੀਲ 14 ਸਾਲਾਂ ਤੋਂ ਕੇਂਦਰ ਸਰਕਾਰ ਕੋਲ ਪੈਂਡਿੰਗ ਹੈ। ਮੈਂ ਸਿਰਫ਼ ਫੈਸਲਾ ਚਾਹੁੰਦਾ ਹਾਂ। ਪੰਜ ਸਾਲਾਂ ਤੋਂ, ਸੁਪਰੀਮ ਕੋਰਟ ਨੇ ਵਾਰ-ਵਾਰ ਫੈਸਲੇ 'ਤੇ ਸਵਾਲ ਉਠਾਏ ਹਨ।" ਉਨ੍ਹਾਂ ਕਿਹਾ, "ਮੈਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਜਥੇਦਾਰ ਨੂੰ ਅਗਲਾ ਫੈਸਲਾ ਲੈਣ ਦੀ ਬੇਨਤੀ ਕਰਦਾ ਹਾਂ। ਬਹੁਤ ਹੋ ਗਿਆ ਇੰਤਜ਼ਾਰ। 30 ਸਾਲਾਂ ਬਾਅਦ ਵੀ ਫੈਸਲਾ ਨਾ ਲੈਣਾ ਇੱਕ ਘੋਰ ਬੇਇਨਸਾਫ਼ੀ ਹੈ। ਮੈਂ ਜਥੇਦਾਰ ਨੂੰ ਬੇਨਤੀ ਕਰਦਾ ਹਾਂ ਕਿ ਉਹ ਭਾਈਚਾਰੇ ਦੇ ਸਨਮਾਨ ਨੂੰ ਧਿਆਨ ਵਿੱਚ ਰੱਖਦੇ ਹੋਏ ਫੈਸਲਾ ਲੈਣ। ਬਹੁਤ ਹੋ ਗਿਆ ਇੰਤਜ਼ਾਰ।" ਦਰਅਸਲ, ਰਾਜੋਆਣਾ ਵਿਰੁੱਧ ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਗਈ ਹੈ, ਜਿਸ ਵਿੱਚ ਉਸਦੀ ਰਹਿਮ ਦੀ ਅਪੀਲ 'ਤੇ ਸੁਣਵਾਈ ਵਿੱਚ ਦੇਰੀ ਦਾ ਹਵਾਲਾ ਦਿੱਤਾ ਗਿਆ ਹੈ। ਰਹਿਮ ਦੀ ਅਪੀਲ ਰਾਸ਼ਟਰਪਤੀ ਕੋਲ ਪੈਂਡਿੰਗ ਹੈ। ਸੁਪਰੀਮ ਕੋਰਟ ਨੂੰ ਬੇਨਤੀ ਕੀਤੀ ਗਈ ਹੈ ਕਿ ਦੇਰੀ ਦੇ ਮੱਦੇਨਜ਼ਰ ਉਸਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ ਜਾਵੇ। ਰਾਜੋਆਣਾ ਨੂੰ 2007 ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਸੀ, ਜਿਸਦੀ ਫਾਂਸੀ ਦੀ ਮਿਤੀ 31 ਮਾਰਚ, 2012 ਨਿਰਧਾਰਤ ਕੀਤੀ ਗਈ ਸੀ। ਹਾਲਾਂਕਿ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਸ ਮਿਤੀ ਤੋਂ ਪਹਿਲਾਂ ਰਾਸ਼ਟਰਪਤੀ ਕੋਲ ਰਹਿਮ ਦੀ ਪਟੀਸ਼ਨ ਦਾਇਰ ਕੀਤੀ ਸੀ। ਇਹ ਰਹਿਮ ਦੀ ਅਪੀਲ ਪਿਛਲੇ 13 ਸਾਲਾਂ ਤੋਂ ਰਾਸ਼ਟਰਪਤੀ ਕੋਲ ਪੈਂਡਿੰਗ ਹੈ। ਬਲਵੰਤ ਰਾਜੋਆਣਾ ਇਸ ਸਮੇਂ ਪਟਿਆਲਾ ਕੇਂਦਰੀ ਜੇਲ੍ਹ ਵਿੱਚ ਬੰਦ ਹੈ।



## ਹੈਦਰਾਬਾਦ-ਬੈਂਗਲੁਰੂ ਹਾਈਵੇਅ 'ਤੇ ਖੌਫਨਾਕ ਹਾਦਸਾ, ਟੱਕਰ ਪਿੱਛੋਂ ਵੋਲਵੋ ਬੱਸ 'ਚ ਲੱਗੀ ਅੱਗ, 20 ਲੋਕ ਜਿਊਂਦਾ ਸੜੇ

**ਨਵੀਂ ਦਿੱਲੀ, 24 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਆਂਧਰਾ ਪ੍ਰਦੇਸ਼ ਵਿੱਚ ਇੱਕ ਵੱਡਾ ਬੱਸ ਹਾਦਸਾ ਵਾਪਰਿਆ। ਹੈਦਰਾਬਾਦ-ਬੈਂਗਲੁਰੂ ਹਾਈਵੇਅ 'ਤੇ ਕੁਰਨੂਲ ਵਿੱਚ ਇੱਕ ਮੋਟਰਸਾਈਕਲ ਨਾਲ ਟਕਰਾਉਣ ਤੋਂ ਬਾਅਦ ਬੱਸ ਨੂੰ ਅੱਗ ਲੱਗ ਗਈ। ਇਸ ਕਾਰਨ ਵਿਆਪਕ ਹੰਗਾਮਾ ਹੋਇਆ। ਹੁਣ ਤੱਕ, ਬੱਸ ਨੂੰ ਅੱਗ ਲੱਗਣ ਨਾਲ 20 ਲੋਕ ਸੜ ਕੇ ਮਰ ਗਏ ਹਨ। ਦੱਸਿਆ ਜਾ ਰਿਹਾ ਹੈ ਕਿ ਇਹ ਲੋਕ ਬੱਸ ਨੂੰ ਅੱਗ ਲੱਗਣ ਤੋਂ ਬਾਅਦ ਬਾਹਰ ਨਹੀਂ ਨਿਕਲ ਸਕੇ ਅਤੇ ਸੜ ਕੇ ਮਰ ਗਏ। ਫਿਲਹਾਲ 12 ਮੌਤਾਂ ਦੀ ਪੁਸ਼ਟੀ ਹੋਈ ਹੈ। ਮੌਤਾਂ ਦੀ ਗਿਣਤੀ ਹੋਰ ਵੱਧ ਸਕਦੀ ਹੈ, ਕਿਉਂਕਿ ਬੱਸ ਵਿੱਚ 40 ਯਾਤਰੀ ਸਵਾਰ ਸਨ। ਇਹ ਹਾਦਸਾ ਸ਼ੁੱਕਰਵਾਰ ਸਵੇਰੇ ਉਦੋਂ ਵਾਪਰਿਆ ਜਦੋਂ ਹੈਦਰਾਬਾਦ-ਬੈਂਗਲੁਰੂ ਹਾਈਵੇਅ 'ਤੇ ਇੱਕ ਤੇਜ਼ ਰਫ਼ਤਾਰ ਬੱਸ ਇੱਕ ਮੋਟਰਸਾਈਕਲ ਨਾਲ ਟਕਰਾ ਗਈ। ਇਸ ਤੋਂ ਬਾਅਦ ਬੱਸ ਨੂੰ ਅੱਗ ਲੱਗ ਗਈ, ਜਿਸ ਨਾਲ ਲੋਕਾਂ 'ਚ ਦਹਿਸ਼ਤ ਫੈਲ ਗਈ। ਲੋਕਾਂ ਨੇ ਬੱਸ 'ਚੋਂ ਨਿਕਲਣ ਦੀ ਕੋਸ਼ਿਸ਼ ਕੀਤੀ, ਪਰ ਅੱਗ ਇੰਨੀ ਤੇਜ਼ ਸੀ ਕਿ ਉਹ ਅੰਦਰ ਫਸ ਗਏ। ਹਾਲਾਂਕਿ, 20 ਲੋਕ ਨਿਕਲਣ ਵਿੱਚ ਕਾਮਯਾਬ ਹੋ ਗਏ। ਮਰਨ ਵਾਲਿਆਂ ਦੀ ਗਿਣਤੀ ਇਸ ਵੇਲੇ 12 ਹੈ, ਜਿਸ ਨਾਲ ਮਰਨ ਵਾਲਿਆਂ ਦੀ ਗਿਣਤੀ ਵਧਣ ਦੀ ਸੰਭਾਵਨਾ ਹੈ। ਇਹ ਘਟਨਾ ਹੈਦਰਾਬਾਦ-ਬੈਂਗਲੁਰੂ ਹਾਈਵੇਅ 'ਤੇ ਕੁਰਨੂਲ ਜ਼ਿਲ੍ਹੇ ਦੇ ਚਿਨਾ ਟੇਕੁਰੂ ਪਿੰਡ ਵਿੱਚ ਵਾਪਰੀ। ਇਹ ਹਾਦਸਾ ਸ਼ੁੱਕਰਵਾਰ ਸਵੇਰੇ ਵਾਪਰਿਆ। ਜਿਸ ਬੱਸ ਨੂੰ ਅੱਗ ਲੱਗੀ ਉਹ ਕਾਵੇਰੀ ਟਰੈਵਲਜ਼ ਦੀ ਮਾਲਕੀ ਵਾਲੀ ਇੱਕ ਨਿੱਜੀ ਬੱਸ ਸੀ। ਚਸ਼ਮਦੀਦਾਂ ਦੇ ਅਨੁਸਾਰ, ਬਾਈਕ ਨਾਲ ਟਕਰਾਉਣ ਤੋਂ ਬਾਅਦ ਬੱਸ ਨੂੰ ਅੱਗ ਲੱਗ ਗਈ। ਕੁਝ ਲੋਕ ਨਿਕਲਣ ਵਿੱਚ ਕਾਮਯਾਬ ਹੋ ਗਏ, ਜਦੋਂ ਕਿ ਕੁਝ ਅੰਦਰ ਹੀ ਸੜ ਕੇ ਮਰ ਗਏ। ਰਾਤ ਦੇ ਮੌਸਮ ਕਾਰਨ, ਸਮੇਂ ਸਿਰ ਮਦਦ ਨਹੀਂ ਮਿਲ ਸਕੀ, ਜਿਸ ਕਾਰਨ ਕਾਫ਼ੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਬਚਾਅ ਅਤੇ ਅੱਗ ਬੁਝਾਉਣ ਦੀਆਂ ਕਾਰਵਾਈਆਂ ਇਸ ਸਮੇਂ ਚੱਲ ਰਹੀਆਂ ਹਨ, ਅਤੇ ਅਧਿਕਾਰੀਆਂ ਨੇ ਅਜੇ ਤੱਕ ਮ੍ਰਿਤਕਾਂ ਦੀ ਸਹੀ ਗਿਣਤੀ ਦੀ ਪੁਸ਼ਟੀ ਨਹੀਂ ਕੀਤੀ ਹੈ। ਮੁੱਖ ਮੰਤਰੀ ਐਨ. ਚੰਦਰਬਾਬੂ ਨਾਇਡੂ ਨੇ ਪੀੜਤਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਸ਼ੁਰੂਆਤੀ ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਅੱਗ ਨੇ ਮਿੰਟਾਂ ਵਿੱਚ ਹੀ ਬੱਸ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਕੁਰਨੂਲ ਦੇ ਪੁਲਿਸ ਸੁਪਰਡੈਂਟ ਵਿਕਰਾਂਤ ਪਾਟਿਲ ਨੇ ਦੱਸਿਆ ਕਿ ਬੱਸ ਇੱਕ ਦੋਪਹੀਆ ਵਾਹਨ ਨਾਲ ਟਕਰਾ ਗਈ। ਦੋਪਹੀਆ ਵਾਹਨ ਬੱਸ ਦੇ ਹੇਠਾਂ ਫਸ ਗਿਆ ਸੀ, ਜਿਸ ਕਾਰਨ ਸ਼ਾਇਦ ਇੱਕ ਚੰਗਿਆੜੀ ਲੱਗੀ ਜਿਸ ਕਾਰਨ ਅੱਗ ਲੱਗੀ। ਉਨ੍ਹਾਂ ਅੱਗੇ ਕਿਹਾ, "ਫੋਰੈਂਸਿਕ ਸਾਇੰਸ ਲੈਬਾਰਟਰੀ ਟੀਮ ਅੱਗ ਲੱਗਣ ਦੇ ਸਹੀ ਕਾਰਨ ਦੀ ਜਾਂਚ ਕਰ ਰਹੀ ਹੈ। ਲਾਪਤਾ ਯਾਤਰੀਆਂ ਦਾ ਪਤਾ ਲਗਾਉਣ ਅਤੇ ਪੀੜਤਾਂ ਦੀ ਪਛਾਣ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ।"

# ਪੰਥਕ ਰੋਹ ਨੂੰ ਦੇਖਦਿਆਂ ਸ਼੍ਰੋਮਣੀ ਕਮੇਟੀ ਨੂੰ ਆਖਰ ਝੁਕਣਾ ਪਿਆ, ਜਥੇ: ਗੜਗੱਜ ਦੀ ਦੁਬਾਰਾ ਹੋਵੇਗੀ ਤਾਜ਼ਪੋਸ਼ੀ

**ਜਲੰਧਰ, 24 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਪੰਥਕ ਜਥੇਬੰਦੀਆਂ ਅਤੇ ਸਿੱਖ ਸੰਪਰਦਾਵਾਂ ਦੇ ਸਖਤ ਸਟੈਂਡ ਅੱਗੇ ਸ਼੍ਰੋਮਣੀ ਕਮੇਟੀ ਨੂੰ ਆਖਰ ਝੁਕਣਾ ਹੀ ਪਿਆ। ਪਿਛਲੇ ਸਮੇਂ ਵਿੱਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਦੀ ਨਿਯੁਕਤੀ ਸਮੇਂ ਜੋ ਮਰਿਆਦਾ ਦੀ ਘੋਰ ਉਲੰਘਣਾ ਹੋਈ ਸੀ, ਉਸ ਸਬੰਧੀ ਪੰਥਕ ਹਲਕਿਆਂ ਵਿੱਚ ਡਾਢਾ ਰੋਸ ਸੀ, ਕਿਉਂਕਿ ਉਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤੇ ਬਿਨਾਂ ਹੀ ਅੱਧੀ ਰਾਤ ਨੂੰ ਜਥੇਦਾਰ ਗੜਗੱਜ ਨੂੰ ਜਥੇਦਾਰੀ ਸੌਂਪ ਦਿੱਤੀ ਗਈ ਸੀ, ਜਿਸ ਦਾ ਦਮਦਮੀ ਟਕਸਾਲ ਨਿਹੰਗ ਸਿੰਘ ਜਥੇਬੰਦੀਆਂ, ਸਿੱਖ ਸੰਪਰਦਾਵਾਂ ਅਤੇ ਪੰਥਕ ਜਥੇਬੰਦੀਆਂ ਨੇ ਸਖਤ ਸਟੈਂਡ ਲੈਂਦਿਆਂ ਕਿਹਾ ਸੀ ਕਿ ਪਰੰਪਰਾ ਦੀ ਘੋਰ ਉਲੰਘਣਾ ਕਰਕੇ ਥਾਪੇ ਗਏ ਜਥੇਦਾਰ ਨੂੰ ਅਸੀਂ ਮਾਨਤਾ ਨਹੀਂ ਦੇਵਾਂਗੇ ਅਤੇ ਇਹਨਾਂ ਨੂੰ ਨਾ ਸਿਰੋਪਾਓ ਦੇਵਾਂਗੇ ਅਤੇ ਨਾ ਹੀ ਇਹਨਾਂ ਤੋਂ ਸਿਰੋਪਾਓ ਲਵਾਂਗੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਖਾਸ ਕਰਕੇ ਅਕਾਲੀ ਦਲ ਬਾਦਲ ਨੇ ਕਈ ਤਰ੍ਹਾਂ ਦੀ ਜ਼ੋਰ ਅਜਮਾਇਸ਼ ਕੀਤੀ ਕਿ ਇਹਨਾਂ ਸੰਪਰਦਾਵਾਂ ਅਤੇ ਪੰਥਕ ਜਥੇਬੰਦੀਆਂ ਨੂੰ ਅੱਖੋਂ ਪਰੋਖੇ ਕਰਕੇ ਹੀ ਜਥੇਦਾਰ ਗੜਗੱਜ ਨੂੰ ਹਰਮਨ ਪਿਆਰਾ ਬਣਾ ਦਿੱਤਾ ਜਾਵੇ ਪਰ ਇਸ ਵਿੱਚ ਕਾਮਯਾਬੀ ਨਾ ਮਿਲਦੀ ਦੇਖ ਕੇ ਆਖਰ ਅਕਾਲੀ ਦਲ ਬਾਦਲ ਨੂੰ ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਪ੍ਰਸਤੀ ਕਰਦਾ ਨੂੰ ਝੁੱਕਣਾ ਹੀ ਪਿਆ। ਹੁਣ ਅਤਿ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ 25 ਅਕਤੂਬਰ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਜਥੇਦਾਰ ਗੜਗੱਜ ਨੂੰ ਜਥੇਦਾਰੀ ਸੌਂਪਣ ਵੇਲੇ ਮਰਿਆਦਾ ਦੀ ਹੋਈ ਉਲੰਘਣਾ ਵਾਸਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਖਾਲਸਾ ਪੰਥ ਤੋਂ ਖਿਮ੍ਹਾ ਜਾਚਨਾ ਕੀਤੀ ਜਾਵੇਗੀ ਅਤੇ ਸਮੂਹ ਸਿੱਖ ਸੰਪਰਦਾਵਾਂ ਨੂੰ ਦਿਤੇ ਸੱਦੇ ਅਨੁਸਾਰ ਜਥੇਦਾਰ ਗੜਗੱਜ ਦੀ ਮਰਿਆਦਾ ਅਨੁਸਾਰ ਦਸਤਾਰਬੰਦੀ ਕੀਤੀ ਜਾਏਗੀ। ਸੂਤਰਾਂ ਅਨੁਸਾਰ ਸਿੱਖ ਸੰਪਰਦਾਵਾਂ, ਨਿਹੰਗ ਸਿੰਘ ਜਥੇਬੰਦੀਆਂ ਇਸ ਗੱਲ 'ਤੇ ਸਹਿਮਤ ਹੋਈਆਂ ਹਨ ਕਿ ਜੇਕਰ ਹੋਈ ਉਲੰਘਣਾ ਲਈ ਸਮੁੱਚੇ ਖਾਲਸਾ ਪੰਥ ਤੋਂ ਖਿਮ੍ਹਾ ਜਾਚਨਾ ਕੀਤੀ ਜਾਂਦੀ ਹੈ ਤਾਂ ਅਸੀਂ ਸਾਰੇ ਜਥੇਦਾਰ ਗੜਗੱਜ ਨੂੰ ਮਾਨਤਾ ਦੇ ਦੇਵਾਂਗੇ। ਉਕਤ ਜਥੇਬੰਦੀਆਂ ਦਾ ਕਹਿਣਾ ਹੈ ਕਿ ਸਾਡੀ ਕਿਸੇ ਵਿਅਕਤੀ ਵਿਸ਼ੇਸ਼ ਨਾਲ ਰੰਜਿਸ਼ ਨਹੀਂ ਅਸੀਂ ਸਿਰਫ ਸਿੱਖ ਮਰਿਆਦਾ ਵਾਸਤੇ ਹੀ ਸਟੈਂਡ ਲਿਆ ਸੀ ਤੇ ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਾਡੇ ਵੱਲੋਂ ਬੀਤੇ ਵਿੱਚ ਲਏ ਫੈਸਲੇ ਨਾਲ ਸਹਿਮਤ ਹੋਈ ਹੈ, ਜਿਸ 'ਤੇ ਐਸਜੀਪੀਸੀ ਵੱਲੋਂ ਆਪਣੀਆਂ ਪਹਿਲੀਆਂ ਕੀਤੀਆਂ ਗਲਤੀਆਂ ਲਈ ਖਿਮ੍ਹਾ ਜਾਚਨਾ ਕਰਨ ਤੋਂ ਬਾਅਦ ਸਿੱਖ ਸੰਸਥਾਵਾਂ ਜਥੇਦਾਰ ਗੜਗੱਜ ਜੀ ਨੂੰ ਸਿਰੋਪਾਓ ਦੇਣਗੀਆਂ। ਸੂਤਰਾਂ ਅਨੁਸਾਰ ਕੇਵਲ ਦੇਸ਼ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਬਾਦਲ ਨੂੰ ਇਸ ਉਪਰੋਕਤ ਅਵਗਿਆ ਲਈ ਭਾਰੀ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਅਤੇ ਹੁਣ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸਾਢੇ ਤਿੰਨ ਸੌ ਸਾਲਾਂ ਸ਼ਹੀਦੀ ਸ਼ਤਾਬਦੀ ਜੋ ਮਨਾਈ ਜਾ ਰਹੀ ਹੈ ਉਸ ਸਬੰਧੀ ਸਮੁੱਚੇ ਘਟਨਾਕਰਮ ਨੂੰ ਮੱਦੇ ਨਜ਼ਰ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਪਰੋਕਤ ਦਰੁਸਤ ਫੈਸਲਾ ਲਿਆ ਗਿਆ ਹੈ।



ਆਵਾਜ਼ਿ ਕੌਮ AWAZE QAUM International Newspaper & WEB TV

## ਸਾਬਕਾ ਡੀਆਈਜੀ ਹਰਚਰਨ ਭੁੱਲਰ ਦੀਆਂ ਵੱਧ ਸਕਦੀਆਂ ਨੇ ਮੁਸ਼ਕਿਲਾਂ, ਸਮਰਾਲਾ ਸਥਿਤ ਫਾਰਮ ਹਾਊਸ 'ਤੇ ਸੀਬੀਆਈ ਦੀ ਫਿਰ ਰੇਡ



**ਸਮਰਾਲਾ, 24 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਰਿਸ਼ਵਤਖੋਰੀ ਦੇ ਮਾਮਲੇ ਵਿਚ ਗ੍ਰਿਫ਼ਤਾਰ ਪੰਜਾਬ ਦੇ ਸਾਬਕਾ ਡੀਆਈਜੀ ਹਰਚਰਨ ਸਿੰਘ ਭੁੱਲਰ ਖਿਲਾਫ਼ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਸੀਬੀਆਈ ਵੱਲੋਂ ਅੱਜ ਲੁਧਿਆਣਾ ਦੇ ਮਾਛੀਵਾੜਾ ਵਿੱਚ ਸਾਬਕਾ ਡੀਆਈਜੀ ਹਰਚਰਨ ਸਿੰਘ ਭੁੱਲਰ ਦੇ ਫਾਰਮ ਹਾਊਸ 'ਤੇ ਰੇਡ ਕੀਤੀ ਗਈ ਹੈ। ਟੀਮ ਦੁਪਹਿਰ 12:30 ਵਜੇ ਤੋਂ ਮੰਡ ਸ਼ੇਰੀਆ ਪਿੰਡ ਵਿੱਚ ਫਾਰਮ ਹਾਊਸ ਦੀ ਜਾਂਚ ਕਰ ਰਹੀ ਹੈ। ਡੀਆਈਜੀ ਕੋਲ ਇੱਥੇ 55 ਏਕੜ ਜ਼ਮੀਨ ਹੈ। ਜਾਣਕਾਰੀ ਅਨੁਸਾਰ ਇਸ ਫਾਰਮ ਵਿਚੋਂ ਰੇਡ ਤੋਂ ਪਹਿਲਾਂ ਹੀ ਭੁੱਲਰ ਸਾਹਿਬ ਦੇ ਚਹੇਤਿਆਂ ਨੇ ਟਰੈਕਟਰ ਟ੍ਰਾਲੀਆਂ ਸਮੇਤ ਫਾਰਮ ਹਾਊਸ ਵਿਚ ਪਿਆ ਉਹ ਹਰ ਸਾਮਾਨ ਗਾਇਬ ਕਰ ਦਿੱਤਾ, ਜੋ ਕਿ ਭੁੱਲਰ ਸਾਹਿਬ ਦੀ ਗ੍ਰਿਫਤਾਰੀ ਤੋਂ ਪਹਿਲਾਂ ਉਥੇ ਪਿਆ ਸੀ। ਹਾਲਾਂਕਿ ਇਹ ਕਿਸ ਨੇ ਗਾਇਬ ਕੀਤਾ, ਇਸ ਬਾਰੇ ਕਹਿਣਾ ਮੁਸ਼ਕਿਲ ਹੈ। ਸੀਬੀਆਈ ਰਿਸ਼ਵਤਖੋਰੀ ਦੇ ਮਾਮਲੇ ਵਿੱਚ ਫੜੇ ਗਏ ਸਾਬਕਾ ਡੀਆਈਜੀ ਭੁੱਲਰ ਨੂੰ ਕਿਸੇ ਵੀ ਸਮੇਂ ਰਿਮਾਂਡ 'ਤੇ ਲੈ ਸਕਦੀ ਹੈ। ਸੀਬੀਆਈ ਦੇ ਅਧਿਕਾਰੀ ਨੇ ਗੱਲਬਾਤ ਵਿਚ ਕਿਹਾ ਕਿ ਇਹ ਸਾਰਾ ਕੁਝ ਨਜ਼ਦੀਕੀ ਵਿਅਕਤੀਆਂ ਦਾ ਕੰਮ ਹੈ ਪਰ ਜਾਂਚ ਵਿਚ ਕਿਸੇ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਇਸ ਫਾਰਮ ਉਤੇ ਕੌਣ-ਕੌਣ ਆਇਆ, ਸਭ ਜਾਂਚ ਵਿਚ ਸ਼ਾਮਿਲ ਹੋਵੇਗਾ। ਯਾਨੀ ਸੀਬੀਆਈ ਉਨ੍ਹਾਂ ਲੋਕਾਂ ਦਾ ਵੀ ਪਤਾ ਲਗਾਏਗੀ ,ਜੋ ਡੀਆਈਜੀ ਦੀ ਗ੍ਰਿਫ਼ਤਾਰੀ ਤੋਂ ਬਾਅਦ ਫਾਰਮ ਹਾਊਸ ਵਿੱਚ ਆਏ ਸਨ। ਭੁੱਲਰ ਵਿਰੁੱਧ ਆਮਦਨ ਤੋਂ ਵੱਧ ਜਾਇਦਾਦ ਦਾ ਮਾਮਲਾ ਦਰਜ ਕਰਨ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਇਸ ਤੋਂ ਪਹਿਲਾਂ ਵੀਰਵਾਰ ਨੂੰ ਟੀਮ ਨੇ ਭੁੱਲਰ ਦੇ ਸੈਕਟਰ 40 ਚੰਡੀਗੜ੍ਹ ਵਿੱਚ ਘਰ ਰੇਡ ਕੀਤੀ ਸੀ। ਘਰ ਦੀ ਹਰ ਚੀਜ਼ ਦੀ ਵੀਡੀਓਗ੍ਰਾਫੀ ਕੀਤੀ ਗਈ। ਹਰੇਕ ਚੀਜ਼ ਦੀ ਸੂਚੀ ਬਣਾਈ ਜਾਵੇਗੀ ਅਤੇ ਉਸਦੀ ਕੀਮਤ ਦਾ ਹਿਸਾਬ ਲਗਾਇਆ ਜਾਵੇਗਾ। ਇਸ ਵਿੱਚ ਏਸੀ ਤੋਂ ਲੈ ਕੇ ਫੁੱਲਾਂ ਦੇ ਗਮਲਿਆਂ ਅਤੇ ਲਾਈਟ ਬਲਬਾਂ ਤੱਕ ਸਭ ਕੁਝ ਸ਼ਾਮਲ ਹੈ। ਸੀਬੀਆਈ ਨੇ ਪਰਿਵਾਰਕ ਮੈਂਬਰਾਂ ਤੋਂ ਪੁੱਛੇ ਗਏ ਸਵਾਲਾਂ ਨੂੰ ਲੈਪਟਾਪ 'ਤੇ ਟਾਈਪ ਕੀਤਾ ਅਤੇ ਉਨ੍ਹਾਂ ਦੀ ਵੀਡੀਓਗ੍ਰਾਫੀ ਕੀਤੀ। ਪਰਿਵਾਰਕ ਮੈਂਬਰਾਂ ਤੋਂ ਉਨ੍ਹਾਂ ਦੇ ਬਿਆਨਾਂ 'ਤੇ ਦਸਤਖਤ ਵੀ ਕਰਵਾਏ ਗਏ। ਕਿਹਾ ਜਾਂਦਾ ਹੈ ਕਿ ਪੁੱਛਗਿੱਛ ਲਗਭਗ 2 ਘੰਟੇ ਜਾਰੀ ਰਹੀ। 16 ਅਕਤੂਬਰ ਨੂੰ ਡੀਆਈਜੀ ਭੁੱਲਰ ਅਤੇ ਉਨ੍ਹਾਂ ਦੇ ਦਲਾਲ ਕ੍ਰਿਸ਼ਨੂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਦੋਵੇਂ 31 ਅਕਤੂਬਰ ਤੱਕ ਨਿਆਂਇਕ ਹਿਰਾਸਤ ਵਿੱਚ ਹਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

## ਸ਼੍ਰੀ ਤਰਨ ਤਾਰਨ ਜ਼ਿਮਨੀ ਚੋਣ 2025

# ਪੰਥਕ ਹਲਕੇ ਦੇ ਵੋਟਰਾਂ ਨੂੰ ਅਪੀਲ

## ਪਾਰਟੀਬਾਜੀ ਤੋਂ ਉੱਪਰ ਉੱਠ ਕੇ ਪੰਥਕ ਉਮੀਦਵਾਰ ਭਾਈ ਮਨਦੀਪ ਸਿੰਘ ਨੂੰ ਹੀ ਵੋਟ ਪਾਉਣ : ਇੰਟਰਨੈਸ਼ਨਲ ਪੰਥਕ ਦਲ



**ਸਿੰਘ ਸਾਹਿਬ ਭਾਈ ਜਸਵੀਰ ਸਿੰਘ ਖਾਲਸਾ**
(ਬਾਨੀ ਇੰਟਰਨੈਸ਼ਨਲ ਪੰਥਕ ਦਲ)
ਅਤੇ ਸਾਬਕਾ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ



**ਭਾਈ ਪਰਮਜੀਤ ਸਿੰਘ ਢਾਡੀ**
ਅੰਤਰਰਾਸ਼ਟਰੀ ਚੀਫ ਆਰਗੇਨਾਈਜ਼ਰ
ਇੰਟਰਨੈਸ਼ਨਲ ਪੰਥਕ ਦਲ



**ਭਾਈ ਰਘਵੀਰ ਸਿੰਘ**
ਪ੍ਰਧਾਨ
ਇੰਟਰਨੈਸ਼ਨਲ ਪੰਥਕ ਦਲ ਯੂ.ਕੇ.



**ਭਾਈ ਕਪਤਾਨ ਸਿੰਘ**
ਜਰਨਲ ਸਕੱਤਰ ਤੇ ਮੁੱਖ ਬੁਲਾਰਾ
ਇੰਟਰਨੈਸ਼ਨਲ ਪੰਥਕ ਦਲ ਯੂ.ਕੇ.

**ਲਵਰਹੈਪਟਨ (ਇੰਗਲੈਂਡ)** — ਸ਼੍ਰੀ ਤਰਨ ਤਾਰਨ ਸਾਹਿਬ – ਪੰਥਕ ਏਕਤਾ ਅਤੇ ਖਾਲਸਾ ਮਰਿਆਦਾ ਦੇ ਸੁਨੇਹੇ ਨਾਲ ਜੁੜੇ ਇੰਟਰਨੈਸ਼ਨਲ ਪੰਥਕ ਦਲ ਵੱਲੋਂ ਸ਼੍ਰੀ ਤਰਨ ਤਾਰਨ ਸਾਹਿਬ ਹਲਕੇ ਵਿੱਚ ਹੋ ਰਹੀ ਜ਼ਿਮਨੀ ਚੋਣ ਸਬੰਧੀ ਇੱਕ ਮਹੱਤਵਪੂਰਨ ਬਿਆਨ ਜਾਰੀ ਕੀਤਾ ਗਿਆ ਹੈ। ਦਲ ਨੇ ਪੰਥਕ ਹਲਕੇ ਦੇ ਸੂਝਵਾਨ ਅਤੇ ਜਾਗਰੂਕ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਪਾਰਟੀਬਾਜੀ, ਵਿਅਕਤੀਗਤ ਰੁਝਾਨਾਂ ਅਤੇ ਰਾਜਨੀਤਿਕ ਸਵਾਰਥਾਂ ਤੋਂ ਉੱਪਰ ਉੱਠ ਕੇ ਆਪਣੀ ਵੋਟ ਕੇਵਲ ਪੰਥਕ ਉਮੀਦਵਾਰ ਭਾਈ ਮਨਦੀਪ ਸਿੰਘ ਨੂੰ ਹੀ ਪਾਉਣ। ਇਹ ਸਾਂਝਾ ਬਿਆਨ ਭਾਈ ਪਰਮਜੀਤ ਸਿੰਘ ਢਾਡੀ, ਅੰਤਰਰਾਸ਼ਟਰੀ ਚੀਫ ਆਰਗੇਨਾਈਜ਼ਰ ਇੰਟਰਨੈਸ਼ਨਲ ਪੰਥਕ ਦਲ, ਭਾਈ ਰਘਵੀਰ ਸਿੰਘ, ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ ਯੂ.ਕੇ., ਅਤੇ ਭਾਈ ਕਪਤਾਨ ਸਿੰਘ, ਜਰਨਲ ਸਕੱਤਰ ਤੇ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਵੱਲੋਂ ਸਾਂਝੇ ਤੌਰ 'ਤੇ ਜਾਰੀ ਕੀਤਾ ਗਿਆ।

**ਵਾਰਿਸ ਪੰਜਾਬ ਅਕਾਲੀ ਦਲ ਦਾ ਪੰਥਕ ਉਮੀਦਵਾਰ** : ਇੰਟਰਨੈਸ਼ਨਲ ਪੰਥਕ ਦਲ ਦੇ ਆਗੂਆਂ ਨੇ ਦੱਸਿਆ ਕਿ ਵਾਰਿਸ ਪੰਜਾਬ ਅਕਾਲੀ ਦਲ ਨੇ ਸ਼੍ਰੀ ਤਰਨ ਤਾਰਨ ਹਲਕੇ ਤੋਂ ਹੋ ਰਹੀ ਜ਼ਿਮਨੀ ਚੋਣ ਵਿੱਚ ਆਪਣੇ ਉਮੀਦਵਾਰ ਵਜੋਂ ਭਾਈ ਸੰਦੀਪ ਸਿੰਘ ਸੱਨੀ ਦੇ ਭਰਾ ਭਾਈ ਮਨਦੀਪ ਸਿੰਘ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ। ਭਾਈ ਸੰਦੀਪ ਸਿੰਘ ਸੱਨੀ ਇਸ ਸਮੇਂ ਜੇਲ੍ਹ ਵਿੱਚ ਬੰਦ ਹਨ ਅਤੇ ਉਹਨਾਂ ਦਾ ਪੰਥਕ ਤੇ ਜਨਤਕ ਯੋਗਦਾਨ ਕਾਫ਼ੀ ਮਹੱਤਵਪੂਰਨ ਰਿਹਾ ਹੈ। ਉਨ੍ਹਾਂ ਦੀ ਗੈਰਹਾਜ਼ਰੀ ਵਿੱਚ, ਉਨ੍ਹਾਂ ਦੇ ਭਰਾ ਭਾਈ ਮਨਦੀਪ ਸਿੰਘ ਨੇ ਪੰਥਕ ਸਿਧਾਂਤਾਂ ਦੀ ਰੱਖਿਆ ਅਤੇ ਲੋਕ ਸੇਵਾ ਨੂੰ ਅਗੇ ਵਧਾਉਣ ਦਾ ਸੰਕਲਪ ਲਿਆ ਹੈ। ਪੰਥਕ ਦਲ ਦੇ ਆਗੂਆਂ ਨੇ ਕਿਹਾ ਕਿ ਭਾਈ ਮਨਦੀਪ ਸਿੰਘ ਇੱਕ ਸਿੱਖ ਅਦਰਸ਼ਾਂ, ਸੱਚਾਈ ਅਤੇ ਸੇਵਾ ਦੇ ਪੱਖਦਾਰ ਉਮੀਦਵਾਰ ਹਨ, ਜਿਨ੍ਹਾਂ ਨੇ ਹਮੇਸ਼ਾਂ ਗੁਰੂ ਘਰਾਂ, ਸੰਗਤਾਂ ਅਤੇ ਪੰਥਕ ਮੁਹਿੰਮਾਂ ਵਿੱਚ ਭਾਗ ਲਿਆ ਹੈ।

**ਪੰਥਕ ਏਕਤਾ ਦੀ ਲੋੜ** : ਭਾਈ ਪਰਮਜੀਤ ਸਿੰਘ ਢਾਡੀ, ਭਾਈ ਰਘਵੀਰ ਸਿੰਘ ਅਤੇ ਭਾਈ ਕਪਤਾਨ ਸਿੰਘ ਨੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਪੰਥ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਉਹਨਾਂ ਕਿਹਾ — "ਇਹ ਚੋਣ ਸਿਰਫ਼ ਇੱਕ ਵਿਧਾਨ ਸਭਾ ਸੀਟ ਦੀ ਨਹੀਂ, ਸਗੋਂ ਪੰਥਕ ਸੋਚ ਅਤੇ ਗੁਰੂ ਸਿੱਖੀ ਅਦਰਸ਼ਾਂ ਦੀ ਜਿੱਤ ਦੀ ਚੋਣ ਹੈ। ਅਸੀਂ ਸਾਰਿਆਂ ਨੂੰ ਇਹ ਸੂਝਬੂਝ ਨਾਲ ਫੈਸਲਾ ਕਰਨਾ ਚਾਹੀਦਾ ਹੈ ਕਿ ਕਿਹੜਾ ਉਮੀਦਵਾਰ ਗੁਰੂ ਸਾਹਿਬ ਦੀ ਰਹਿਤ ਤੇ ਪੰਥ ਦੀ ਆਬਰੂ ਨੂੰ ਕਾਇਮ ਰੱਖ ਸਕਦਾ ਹੈ।" ਉਹਨਾਂ ਹੋਰ ਕਿਹਾ ਕਿ ਪੰਥਕ ਧਿਰਾਂ, ਸਮਾਜਕ ਜਥੇਬੰਦੀਆਂ ਤੇ ਗੁਰਮਤਿ ਪ੍ਰੇਮੀ ਸੰਗਤਾਂ ਵੱਲੋਂ ਵੀ ਭਾਈ ਮਨਦੀਪ ਸਿੰਘ ਦੀ ਖੁੱਲ੍ਹੀ ਹਮਾਇਤ ਕੀਤੀ ਜਾ ਰਹੀ ਹੈ, ਜੋ ਪੰਥਕ ਏਕਤਾ ਦਾ ਸਪਸ਼ਟ ਪ੍ਰਤੀਕ ਹੈ।

**ਸ਼੍ਰੀ ਤਰਨ ਤਾਰਨ ਸਾਹਿਬ ਦੀ ਧਰਤੀ ਦਾ ਮਹੱਤਵ** : ਆਗੂਆਂ ਨੇ ਕਿਹਾ ਕਿ ਤਰਨ ਤਾਰਨ ਸਾਹਿਬ ਦੀ ਧਰਤੀ ਗੁਰੂ ਸਾਹਿਬਾਨ ਅਤੇ ਸ਼ਹੀਦਾਂ ਦੀ ਚਰਨ ਛੋਹ ਧਰਤੀ ਹੈ, ਜੋ ਖਾਲਸਾ ਰਾਜ ਦੇ ਸਮੇਂ ਸਿੱਖ ਰਾਜਧਾਨੀ ਦਾ ਮਾਣ ਰੱਖਦੀ ਆਈ ਹੈ। ਇਸ ਲਈ ਮਾਝੇ ਦੇ ਸੂਝਵਾਨ ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਇਸ ਧਰਤੀ ਦੀ ਰਵਾਇਤ ਨੂੰ ਜ਼ਿੰਦਾ ਰੱਖਦਿਆਂ ਪੰਥਕ ਝੰਡੇ ਹੇਠ ਇਕੱਠੇ ਹੋਣ। ਉਹਨਾਂ ਕਿਹਾ ਕਿ ਇਹ ਚੋਣ ਸਿਰਫ਼ ਰਾਜਨੀਤਿਕ ਨਹੀਂ, ਸਗੋਂ ਪੰਥਕ ਆਤਮਗੌਰਵ ਦੀ ਪ੍ਰਤੀਕ ਚੋਣ ਹੈ। ਜੇ ਮਾਝੇ ਦੇ ਸਿੱਖ ਇਕਜੁੱਟ ਹੋ ਕੇ ਭਾਈ ਮਨਦੀਪ ਸਿੰਘ ਨੂੰ ਵੱਡੀ ਲੀਡ ਨਾਲ ਕਾਮਯਾਬ ਕਰਾਉਂਦੇ ਹਨ, ਤਾਂ ਇਹ 2027 ਲਈ ਇੱਕ ਮਜ਼ਬੂਤ ਪੰਥਕ ਆਵਾਜ਼ ਦੀ ਸ਼ੁਰੂਆਤ ਹੋਵੇਗੀ।

**ਪੰਥਕ ਦਲ ਦੀ ਅਪੀਲ** : ਇੰਟਰਨੈਸ਼ਨਲ ਪੰਥਕ ਦਲ ਨੇ ਸਾਰਿਆਂ ਪੰਥਕ ਵੋਟਰਾਂ ਨੂੰ ਸਾਂਝੀ ਅਪੀਲ ਕੀਤੀ — "**ਆਉ ਜੀ, 11 ਨਵੰਬਰ ਨੂੰ ਸ਼੍ਰੀ ਤਰਨ ਤਾਰਨ ਸਾਹਿਬ ਦੀ ਧਰਤੀ ਤੋਂ ਪੰਥਕ ਜਿੱਤ ਦਾ ਨਾਅਰਾ ਲਗਾਈਏ। ਆਪਣੇ ਗੁਰੂ ਦੀ ਰਹਿਤ, ਆਪਣੇ ਸ਼ਹੀਦਾਂ ਦੀ ਕੁਰਬਾਨੀ ਅਤੇ ਆਪਣੀ ਧਰਤੀ ਦੇ ਮਾਣ ਲਈ ਭਾਈ ਮਨਦੀਪ ਸਿੰਘ ਨੂੰ ਜਿੱਤਾਂ ਕੇ 2027 ਦਾ ਰਾਹ ਪੱਧਰਾ ਕਰੀਏ।**"

**ਚੋਣ ਮਿਤੀ:**
**11 ਨਵੰਬਰ 2025**
**ਹਲਕਾ: ਸ਼੍ਰੀ ਤਰਨ ਤਾਰਨ ਸਾਹਿਬ**
**ਉਮੀਦਵਾਰ: ਭਾਈ ਮਨਦੀਪ ਸਿੰਘ**
**(ਵਾਰਿਸ ਪੰਜਾਬ ਅਕਾਲੀ ਦਲ)**



ਭਾਈ ਮਨਦੀਪ ਸਿੰਘ (ਭਰਾਤਾ ਭਾਈ ਸੰਦੀਪ ਸਿੰਘ ਸੰਨੀ)
ਉਮੀਦਵਾਰ, ਵਿਧਾਨ ਸਭਾ ਹਲਕਾ ਤਰਨ-ਤਾਰਨ

ਆਵਾਜ਼ਿ ਕੌਮ AWAZE QAUM
International Newspaper & WEB TV

--✶ ਜਾਰੀ ਕਰਤਾ ✶--

## ਇੰਟਰਨੈਸ਼ਨਲ ਪੰਥਕ ਦਲ

ਭਾਈ ਪਰਮਜੀਤ ਸਿੰਘ ਢਾਡੀ — ਅੰਤਰਰਾਸ਼ਟਰੀ ਚੀਫ ਆਰਗੇਨਾਈਜ਼ਰ
ਭਾਈ ਰਘਵੀਰ ਸਿੰਘ — ਪ੍ਰਧਾਨ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ.
ਭਾਈ ਕਪਤਾਨ ਸਿੰਘ — ਜਰਨਲ ਸਕੱਤਰ ਤੇ ਮੁੱਖ ਬੁਲਾਰਾ, ਯੂ.ਕੇ.

# ਭਾਰਤੀ ਮਜ਼ਦੂਰ ਸਭਾ ਨੇ ਚੇਤਾਵਨੀ ਦਿੱਤੀ — "ਮਾਈਗ੍ਰੈਂਟ ਮਜ਼ਦੂਰ ਕਾਨੂੰਨੀ ਸ਼ੋਸ਼ਣ ਵਿੱਚ ਫਸੇ ਹੋਏ ਹਨ"



ਲੈਸਟਰ, 24 ਅਕਤੂਬਰ (ਆਵਾਜ਼ਿ ਕੌਮ ਬਿਊਰੋ)-ਭਾਰਤੀ ਮਜ਼ਦੂਰ ਸਭਾ (ਗ੍ਰੇਟ ਬ੍ਰਿਟੇਨ) ਨੇ ਬ੍ਰਿਟੇਨ ਵਿੱਚ ਮਾਈਗ੍ਰੈਂਟ ਮਜ਼ਦੂਰਾਂ ਨਾਲ ਹੋ ਰਹੇ ਕਾਨੂੰਨੀ ਸ਼ੋਸ਼ਣ ਬਾਰੇ ਗੰਭੀਰ ਚੇਤਾਵਨੀ ਜਾਰੀ ਕੀਤੀ ਹੈ। ਸੰਗਠਨ ਦਾ ਕਹਿਣਾ ਹੈ ਕਿ ਮੌਜੂਦਾ ਵੀਜ਼ਾ ਨਿਯਮਾਂ ਕਾਰਨ ਹਜ਼ਾਰਾਂ ਵਿਦੇਸ਼ੀ ਮਜ਼ਦੂਰ ਇੱਕੋ ਨੌਕਰਦਾਤਾ ਨਾਲ ਬੰਨ੍ਹੇ ਹੋਏ ਹਨ ਅਤੇ ਇਹ ਪ੍ਰਣਾਲੀ ਮਾਲਕਾਂ ਨੂੰ ਬੇਹੱਦ ਸ਼ਕਤੀ ਦੇ ਰਹੀ ਹੈ। ਮਾਲਕਾਂ ਨੂੰ ਵੱਧ ਸ਼ਕਤੀ, ਮਜ਼ਦੂਰਾਂ ਕੋਲ ਘੱਟ ਹੱਕ ਭਾਰਤੀ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਕਿਹਾ ਕਿ ਬ੍ਰਿਟੇਨ ਵਿੱਚ ਕੇਅਰ ਹੋਮ, ਹੌਸਪਿਟਾਲਿਟੀ ਤੇ ਕਲੀਨਿੰਗ ਸੈਕਟਰ ਵਿੱਚ ਕੰਮ ਕਰ ਰਹੇ ਕਈ ਮਾਈਗ੍ਰੈਂਟ ਮਜ਼ਦੂਰ ਸ਼ੋਸ਼ਣ ਦਾ ਸ਼ਿਕਾਰ ਹੋ ਰਹੇ ਹਨ। "ਕੋਈ ਵੀ ਮਜ਼ਦੂਰ ਸ਼ੋਸ਼ਣ ਤੇ ਡਿਪੋਰਟ ਹੋਣ ਵਿਚੋਂ ਚੋਣ ਕਰਨ ਲਈ ਮਜਬੂਰ ਨਹੀਂ ਹੋਣਾ ਚਾਹੀਦਾ," ਗਿੱਲ ਨੇ ਕਿਹਾ। ਮੌਜੂਦਾ ਸਪਾਂਸਰਸ਼ਿਪ ਪ੍ਰਣਾਲੀ ਮਾਲਕਾਂ ਨੂੰ ਬਹੁਤ ਸ਼ਕਤੀ ਦਿੰਦੀ ਹੈ ਅਤੇ ਮਜ਼ਦੂਰਾਂ ਨੂੰ ਬਹੁਤ ਘੱਟ ਸੁਰੱਖਿਆ।"

**ਵੀਜ਼ਾ ਨਿਯਮਾਂ ਨੇ ਮਜ਼ਦੂਰਾਂ ਨੂੰ ਕੀਤਾ ਬੰਨ੍ਹਿਆ**

ਮੌਜੂਦਾ ਸਕਿਲਡ ਵਰਕਰ ਵੀਜ਼ਾ ਨਿਯਮਾਂ ਅਨੁਸਾਰ, ਵਿਦੇਸ਼ੀ ਮਜ਼ਦੂਰਾਂ ਨੂੰ ਘੱਟੋ-ਘੱਟ £41,700 ਪ੍ਰਤੀ ਸਾਲ ਜਾਂ ਆਪਣੇ ਪੇਸ਼ੇ ਲਈ ਨਿਰਧਾਰਤ "ਗੋਇੰਗ ਰੇਟ" ਦੇ ਬਰਾਬਰ ਤਨਖ਼ਾਹ ਮਿਲਣੀ ਲਾਜ਼ਮੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ £769 ਵੀਜ਼ਾ ਫੀਸ, £1,035 ਪ੍ਰਤੀ ਸਾਲ NHS ਸਰਚਾਰਜ ਦੇ ਨਾਲ 21 ਪੱਧਰ ਦੀ ਅੰਗਰੇਜ਼ੀ ਜਾਣਨੀ ਲੋੜੀਂਦੀ ਹੈ — ਜੋ ਜਨਵਰੀ 2026 ਤੋਂ 22 ਹੋ ਜਾਵੇਗੀ। ਪਰ ਕਿਉਂਕਿ ਉਨ੍ਹਾਂ ਦਾ ਵੀਜ਼ਾ ਸਿਰਫ਼ ਇੱਕ ਨੌਕਰਦਾਤਾ ਨਾਲ ਜੁੜਿਆ ਹੁੰਦਾ ਹੈ, ਜੇ ਉਹ ਸ਼ੋਸ਼ਣ ਦੀ ਸ਼ਿਕਾਇਤ ਕਰਨ ਜਾਂ ਨੌਕਰੀ ਬਦਲਣ ਦੀ ਕੋਸ਼ਿਸ਼ ਕਰਨ ਤਾਂ ਉਨ੍ਹਾਂ ਦਾ ਵੀਜ਼ਾ ਰੱਦ ਹੋ ਸਕਦਾ ਹੈ। ਇਸ ਡਰ ਕਰਕੇ ਕਈ ਮਜ਼ਦੂਰ ਚੁੱਪੀ ਵਰਤਦੇ ਹਨ।

**ਰਿਪੋਰਟਾਂ ਨੇ ਕੀਤੇ ਸ਼ੋਸ਼ਣ ਦੇ ਕੇਸ ਬੇਨਕਾਬ**

ਪਬਲਿਕ ਅਕਾਊਂਟਸ ਕਮੇਟੀ, ਵਰਕ ਰਾਈਟਸ ਸੈਂਟਰ ਅਤੇ GLAA ਦੀਆਂ ਰਿਪੋਰਟਾਂ ਅਨੁਸਾਰ ਬ੍ਰਿਟੇਨ ਵਿੱਚ ਮਾਈਗ੍ਰੈਂਟ ਮਜ਼ਦੂਰਾਂ ਦੇ ਸ਼ੋਸ਼ਣ ਦੇ ਕਈ ਕੇਸ ਸਾਹਮਣੇ ਆਏ ਹਨ।

ਇਸੇ ਤਰ੍ਹਾਂ ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਦਫ਼ਤਰ (OHCHR) ਨੇ ਵੀ ਬ੍ਰਿਟੇਨ ਸਰਕਾਰ ਨੂੰ ਵਿਦੇਸ਼ੀ ਮਜ਼ਦੂਰਾਂ ਨੂੰ "ਠੱਗੀ ਅਤੇ ਸ਼ੋਸ਼ਣ" ਤੋਂ ਬਚਾਉਣ ਲਈ ਕਦਮ ਚੁੱਕਣ ਦੀ ਅਪੀਲ ਕੀਤੀ ਹੈ।

**ਭਾਰਤੀ ਮਜ਼ਦੂਰ ਸਭਾ ਦੀਆਂ ਪੰਜ ਮੁੱਖ ਮੰਗਾਂ**

ਭਾਰਤੀ ਮਜ਼ਦੂਰ ਸਭਾ ਨੇ ਸਰਕਾਰ ਕੋਲ ਹੇਠ ਲਿਖੀਆਂ ਪੰਜ ਸੁਧਾਰਾਂ ਦੀ ਮੰਗ ਕੀਤੀ ਹੈ —

1 ਸਪਾਂਸਰਸ਼ਿਪ ਪ੍ਰਣਾਲੀ ਖਤਮ ਕੀਤੀ ਜਾਵੇ

2ਨਿਗਰਾਨੀ ਪ੍ਰਣਾਲੀ ਮਜ਼ਬੂਤ ਕੀਤੀ ਜਾਵੇ

3 "ਨੋ ਰੀਕੋਰਸ ਟੂ ਪਬਲਿਕ ਫੰਡਸ" ਨੀਤੀ ਰੱਦ ਕੀਤੀ ਜਾਵੇ

4ਵਿਦੇਸ਼ੀ ਭਰਤੀ ਪ੍ਰਕਿਰਿਆ ਨੂੰ ਨਿਯਮਿਤ ਕੀਤਾ ਜਾਵੇ

5 ਵੀਜ਼ਾ ਤੇ NHS ਫੀਸ ਘਟਾਈ ਜਾਵੇ

**ਲੰਮੀ ਇਤਿਹਾਸਕ ਲੜਾਈ**

1938 ਵਿੱਚ ਸਥਾਪਿਤ ਭਾਰਤੀ ਮਜ਼ਦੂਰ ਸਭਾ (ਗ੍ਰੇਟ ਬ੍ਰਿਟੇਨ) ਕਈ ਦਹਾਕਿਆਂ ਤੋਂ ਮਜ਼ਦੂਰਾਂ ਦੇ ਅਧਿਕਾਰਾਂ, ਇਨਸਾਫ਼ ਤੇ ਸਮਾਨਤਾ ਲਈ ਲੜਾਈ ਲੜਦੀ ਆ ਰਹੀ ਹੈ।

ਸੰਗਠਨ ਨੇ ਐਲਾਨ ਕੀਤਾ ਹੈ ਕਿ ਆਉਣ ਵਾਲੇ ਹਫ਼ਤਿਆਂ ਵਿੱਚ ਮਿਡਲੈਂਡਸ ਦੇ ਕਈ ਸ਼ਹਿਰਾਂ ਵਿੱਚ ਜਾਗਰੂਕਤਾ ਪ੍ਰੋਗਰਾਮ ਤੇ ਮੀਟਿੰਗਾਂ ਆਯੋਜਿਤ ਕੀਤੀਆਂ ਜਾਣਗੀਆਂ।

"ਬ੍ਰਿਟੇਨ ਦੀ ਅਰਥਵਿਵਸਥਾ ਵਿਦੇਸ਼ੀ ਮਜ਼ਦੂਰਾਂ ਤੇ ਟਿਕੀ ਹੈ," ਗਿੱਲ ਨੇ ਕਿਹਾ। "ਜੋ ਸਾਡੀ ਦੇਖਭਾਲ ਕਰਦੇ ਹਨ, ਉਨ੍ਹਾਂ ਦੀ ਰੱਖਿਆ ਕਰਨਾ ਸਾਡਾ ਫ਼ਰਜ਼ ਹੈ।"

International Newspaper & WEB TV

Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7l
Contact :
+447458381111
+447976210161
+919729091243



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ





ਸਾਂਝਾ ਪੰਜਾਬ
VEG & NON-VEG INDIAN
WE CATER FOR
★★★★★
Birthday
Weddings
Parties
All Other Occasions
Sanjay Foods
Mirch Masala
HSBC
Ladlee Direct
Night Pharmacy
Chai Paani
Ross Walk Launderette
Shiva Shakti Foods
Roopkala Beauty Salon
Cossington Recreation ground
Heena Tailor
Hyderabad Wala - Leicester
Belgrave Neighbourhood Centre
Belgrave Health Centre
Health Centre Car Park
Milans
Shiv Sagar Veg
Brandon Street Surgery
Punjabi Tarka
Shivalaya The Leicestershire Brahma...
0784 102 9416
SANJHA PUNJAB
VEG & NON-VEG INDIAN
TAKE AWAY MENU
0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com
SANJHA PUNJAB
VEG & NON-VEG INDIAN
0116 291 1565
visit us : www.sanjhapunjab.co.uk
email: sanjha47@hotmail.com
ALLERGY ADVICE !!
Please ask a member of staff if you have any food intolerance or allergies.
ਆਵਾਜ਼ਿ ਕੌਮ
AWAZE QAUM
International Newspaper & WEB TV

# ਬੱਬਰਾਂ ਦੇ ਹਾਈਕੋਰਟ ਗੁਰਦੁਆਰਾ ਸ਼ਹੀਦਾਂ ਜੱਸੋਵਾਲ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਮਿਤ ਸਮਾਗਮਾਂ ਦੀ ਹੋਈ ਆਰੰਭਤਾ











ਜੱਸੋਵਾਲ - ਗੁਰਦੁਆਰਾ ਸ਼ਹੀਦਾਂ ਜੱਸੋਵਾਲ (ਬੱਬਰਾਂ ਦਾ ਹਾਈ ਕੋਰਟ) ਵਿਖੇ 1 ਨਵੰਬਰ ਨੂੰ ਹੋਣ ਵਾਲੇ ਵੱਡੇ ਧਾਰਮਿਕ ਸਮਾਗਮ ਲਈ ਤਿਆਰੀਆਂ ਜ਼ੋਰਾਂ 'ਤੇ ਹਨ। ਇਸ ਸਬੰਧ ਵਿੱਚ ਸੰਤ ਚਰਨਜੀਤ ਸਿੰਘ ਜੱਸੋਵਾਲ, ਜੋ ਕਿ ਦਮਦਮੀ ਟਕਸਾਲ ਦੇ ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਮੁੱਖ ਬੁਲਾਰੇ ਹਨ, ਨੇ ਅੱਜ ਪਿੰਡ ਉਗੋਵਾਲ ਦੀਆਂ ਸੰਗਤਾਂ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਪੱਤਰ ਦੇ ਕੇ ਸਮਾਗਮ ਵਿੱਚ ਸ਼ਿਰਕਤ ਕਰਨ ਦੀ ਬੇਨਤੀ ਕੀਤੀ। ਸੰਤ ਚਰਨਜੀਤ ਸਿੰਘ ਜੱਸੋਵਾਲ ਨੇ ਕਿਹਾ ਕਿ ਗੁਰਦੁਆਰਾ ਸਹੀਦਾਂ ਜੱਸੋਵਾਲ ਵਿਖੇ ਇਹ ਸਮਾਗਮ ਗੁਰਮਤਿ ਪ੍ਰਚਾਰ, ਕੀਰਤਨ ਦਰਬਾਰ ਅਤੇ ਪੰਥਕ ਏਕਤਾ ਨੂੰ ਮਜ਼ਬੂਤ ਕਰਨ ਲਈ ਸਮਰਪਿਤ ਹੈ। ਉਨ੍ਹਾਂ ਨੇ ਕਿਹਾ ਕਿ ਸੰਗਤਾਂ ਨੂੰ ਅਪੀਲ ਕੀਤੀ ਗਈ ਹੈ ਕਿ ਵੱਡੀ ਗਿਣਤੀ ਵਿੱਚ ਪਹੁੰਚ ਕੇ ਗੁਰਬਾਣੀ ਦਾ ਲਾਹਾ ਲੈਣ।

ਆਵਾਜ਼ਿ ਕੌਮ
AWAZE QAUM
International Newspaper & WEB TV

## ਸਮਾਗਮ ਦੀਆਂ ਤਰੀਖਾਂ ਤੇ ਵਿਸ਼ੇਸ਼ ਪ੍ਰੋਗਰਾਮ:

**ਤਾਰੀਖ਼: 1 ਨਵੰਬਰ 2025**

**ਸਥਾਨ: ਗੁਰਦੁਆਰਾ ਸਹੀਦਾਂ ਜੱਸੋਵਾਲ (ਬੱਬਰਾਂ ਦਾ ਹਾਈ ਕੋਰਟ)**

**ਆਯੋਜਕ: ਸੰਤ ਚਰਨਜੀਤ ਸਿੰਘ ਜੱਸੋਵਾਲ, ਦਮਦਮੀ ਟਕਸਾਲ / ਇੰਟਰਨੈਸ਼ਨਲ ਪੰਥਕ ਦਲ)**

★ ਜਾਰੀ ਕਰਤਾ ★

## ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ

**(ਦਮਦਮੀ ਟਕਸਾਲ ਮੈਂਬਰ, ਸ਼੍ਰੋਮਣੀ ਕਮੇਟੀ,
ਅੰਤਰਰਾਸ਼ਟਰੀ ਮੁੱਖ ਬੁਲਾਰੇ, ਇੰਟਰਨੈਸ਼ਨਲ ਪੰਥਕ ਦਲ)**

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋ ਪਾਵਾ ॥



ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਗੁਰਪੁਰਬ, ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਗੁਰਤਗੱਦੀ ਦਿਵਸ, ਮਾਤਾ ਸਾਹਿਬ ਕੌਰ ਜੀ ਦਾ ਜਨਮ ਦਿਹਾੜਾ, ਭਾਈ ਮਤੀ ਦਾਸ, ਭਾਈ ਸਤੀ ਰਾਮ, ਭਾਈ ਦਿਆਲ ਦਾਸ, ਭਾਈ ਜੈਤਾ ਅਤੇ ਭਾਈ ਲੱਖੀ ਸ਼ਾਹ ਬਨਜਾਰਾ ਨੂੰ ਸਮਰਪਿਤ



# 29ਵਾਂ ਸਲਾਨਾ ਗੁਰਮਤਿ ਸਮਾਗਮ



ਸੰਤ ਬਾਬਾ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਗੁਰਦੁਆਰਾ ਸ਼ਹੀਦਾਂ, ਪਿੰਡ ਜੱਸੋਵਾਲ (ਬੀਹੜਾਂ) ਬੱਬਰਾਂ ਦੇ ਹਾਈ ਕੋਰਟ

20 ਅਕਤੂਬਰ ਦਿਨ ਸੋਮਵਾਰ ਤੋਂ 1 ਨਵੰਬਰ ਦਿਨ ਸ਼ਨੀਵਾਰ ਤੱਕ 13 ਦਿਨ ਸਮਾਗਮ

## ਮਿਤੀ 1 ਨਵੰਬਰ 2025 ਦਿਨ ਸ਼ਨੀਵਾਰ

ਨੂੰ ਸ਼੍ਰੀ ਅਖੰਡ ਪਾਠ ਸਾਹਿਬਾਂ ਜੀ ਦੇ ਭੋਗ ਉਪਰੰਤ ਦੀਵਾਨ ਸਜਣਗੇ ।

ਗੁਰੂ ਦੇ ਲੰਗਰ ਅਤੇ ਚਾਹ-ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ ।



ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ

1 ਨਵੰਬਰ 2025 ਦਿਨ ਸ਼ਨੀਵਾਰ ਨੂੰ

ਲੜੀ ਭੋਗ ਸ਼੍ਰੀ ਅਖੰਡ ਪਾਠ ਸਾਹਿਬ 10-00 ਵਜੇ ਸਵੇਰੇ

ਖੁੱਲ੍ਹੇ ਪੰਡਾਲ ਵਿੱਚ ਸਵੇਰੇ 10-00 ਵਜੇ ਤੋਂ ਸ਼ਾਮ 4-00 ਵਜੇ ਤੱਕ ਦੀਵਾਨ ਸਜਣਗੇ ।



ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ

ਦਮਦਮੀ ਟਕਸਾਲ

ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਮੁੱਖ ਬੁਲਾਰਾ ਅੰਤਰਰਾਸ਼ਟਰੀ ਇੰਟਰਨੈਸ਼ਨਲ ਪੰਥਕ ਦਲ

ਮੋ: 98141-27470, 73408-35137

ਜਾਰੀ ਕਰਤਾ :- ਜਰਨੈਲ ਸਿੰਘ ਢਿੱਲੋਂ, 84278-66404



ਆਵਾਜ਼ਿ ਕੌਮ AWAZE QAUM International Newspaper & WEB TV




ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


SRI GURU TEGH BAHADUR SAHIB JI
350TH
SHAHEEDI DIVAS
350 ਸ਼ਹੀਦੀ ਸਮਾਗਮ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ
ਸ਼ਹੀਦ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਨੂੰ ਸਮਰਪਿਤ
23 ਤੋਂ 26 ਅਕਤੂਬਰ 2025 ਤੱਕ
23 ਅਕਤੂਬਰ (ਵੀਰਵਾਰ)
ਪਾਠ ਸ੍ਰੀ ਸੁਖਮਨੀ ਸਾਹਿਬ – ਦੁਪਹਿਰ 3:00 ਵਜੇ
ਦੀਵਾਨ – 3:00 ਵਜੇ ਤੋਂ 8:30 ਵਜੇ ਤੱਕ
24 ਅਕਤੂਬਰ (ਸ਼ੁੱਕਰਵਾਰ)
ਦੀਵਾਨ – ਸਵੇਰੇ 5:30 ਵਜੇ ਤੋਂ ਰਾਤ 8:30 ਵਜੇ ਤੱਕ
25 ਅਕਤੂਬਰ (ਸ਼ਨੀਵਾਰ)
ਦੀਵਾਨ – ਸਵੇਰੇ 5:30 ਵਜੇ ਤੋਂ ਰਾਤ 9:00 ਵਜੇ ਤੱਕ
26 ਅਕਤੂਬਰ (ਐਤਵਾਰ)
ਸ੍ਰੀ ਸਹਿਜ ਪਾਠ ਭੋਗ – ਸਵੇਰੇ 10:00 ਵਜੇ
ਦੀਵਾਨ – ਸਵੇਰੇ 5:30 ਵਜੇ ਤੋਂ ਸ਼ਾਮ 7:00 ਵਜੇ ਤੱਕ
ਕਾਰ ਪਾਰਕ
ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ ਜੀ
126-128 High St, West Bromwich B70 6JW
ਆਵਾਜ਼ਿ ਕੌਮ
AWAZE QAUM
International Newspaper & WEB TV
ਸੈਂਡਵੈਲ ਦੇ ਸਮੂਹ ਗੁਰਦੁਆਰਿਆਂ ਸਾਹਿਬ ਦੇ ਸਹਿਜੋਗ ਨਾਲ ਸਾਂਝੇ ਤੋਰ ਤੇ ਅਤੇ ਸਮੂਹ ਸਾਧ ਸੰਗਤ ਦੇ ਸਹਿਜੋਗ ਨਾਲ ਚਾਰ ਦਿਨਾਂ ੩੫੦
ਸਾਲਾਂ ਸ਼ਹੀਦੀ ਸਮਾਗਮ ਗੁਰਦੁਆਰਾ ਗੁਰੂ ਹਰਿ ਰਾਇ ਸਾਹਿਬ ਜੀ ਵੈਸਟ ਬਰੋਮਵਿਚ ਦੀ ਕਾਰ ਪਾਰਕਿੰਗ ਵਿੱਚ ਮਨਾਇਆ ਜਾ ਰਿਹਾ ਹੈ
ਗੁਰਦੁਆਰਾ ਨਾਨਕਸਰ - ਸਮੈਥਵਿਕ
ਗੁਰਦੁਆਰਾ ਸਚਖੰਡ ਇਸ਼ਰ ਦਰਬਾਰ
ਗੁਰਦੁਆਰਾ ਗੁਰੂ ਹਰਗੋਬਿੰਦ ਸਾਹਿਬ ਜੀ ਟਿਵੀਡੇਲ
Sikh Council Sandwell
Guru Nanak Gurdwara
Sri Guru HarRai Sahib Ji
Gurdwara Guru Maneyo Granth OLDBURY
Bhai Khalsa Singh – 07454 023665 | Bhai Jatinder Singh – 07955 555840 | Bhai Ranjit Singh – 07587 156997 | Bhai Jagtar Singh – 07769 294279
Bhai Daya Singh (Hilltop) – 07837 529547 | Bhai Harjit Singh – 07950 266522 | Bhai Raghver Singh – 07930 908368 | Bhai Balvinder Singh – 07795 220835
Bhai Varinder Singh – 07435 123456 | Bhai Gurnam Singh – 07816 262046 | Bhai Gurmeet Singh – 07930 347140 | Bhai Daya Singh – 07772 222181


SRI GURU TEGH BAHADUR SAHIB JI
350TH
SHAHEEDI DIVAS
350TH SHAHEEDI SMAGAM
DEDICATED TO THE 350TH SHAHEEDI OF
SRI GURU TEGH BAHADUR SAHIB JI
In memory of Shaheeds Bhai Mati Das Ji, Bhai Sati Das Ji, and Bhai Dayala Ji
23RD – 26TH OCTOBER 2025
23rd October (Thursday)
Path Sri Sukhmani Sahib – 3:00 PM
Divaan – 3:00 PM to 8:30 PM
24th October (Friday)
Divaan – 5:30 AM to 8:30 PM
25th October (Saturday)
Divaan – 5:30 AM to 9:00 PM
26th October (Sunday)
Sri Sehaj Path Bhog – 10:00 AM
Divaan – 5:30 AM to 7:00 PM
SMAGAM HELD IN CAR PARK OF
GURDWARA GURU HAR RAI SAHIB JI
126–128 HIGH ST, WEST BROMWICH B70 6JW
ਆਵਾਜ਼ਿ ਕੌਮ
AWAZE QAUM
International Newspaper & WEB TV
This smagam has been organised by The Sandwell Council of Sikh Gurdware and the Sadh Sangat.
Please come along and attend this four day program with your friends and family to remember the sacrifice of our great shaheeds.
Gurdwara Nanaksar Smethwick
Gurdwara Sachkhand Isher Darbar
Gurdwara Guru Hargobind Sahib Ji Tividale
Sikh Council Sandwell
Guru Nanak Gurdwara
Sri Guru HarRai Sahib Ji
Gurdwara Guru Maneyo Granth OLDBURY
GURDWARA OLDBURY
Bhai Khalsa Singh – 07454 023665 | Bhai Jatinder Singh – 07955 555840 | Bhai Ranjit Singh – 07587 156997 | Bhai Jagtar Singh – 07769 294279
Bhai Daya Singh (Hilltop) – 07837 529547 | Bhai Harjit Singh – 07950 266522 | Bhai Raghver Singh – 07930 908368 | Bhai Balvinder Singh – 07795 220835
Bhai Varinder Singh – 07435 123456 | Bhai Gurnam Singh – 07816 262046 | Bhai Gurmeet Singh – 07930 347140 | Bhai Daya Singh – 07772 222181


SARDARI TRAVELS
SARDARI TRAVELS PROUDLY PRESENTS
NANKANA SAHIB YATRA
2025
31 October To 08 November
ਆਵਾਜ਼ਿ ਕੌਮ AWAZE QAUM
International Newspaper & WEB TV
Hurry
Book Your
Seats Now
ਗੁਰਦੁਆਰਾ ਜਨਮ ਅਸਥਾਨ ਸ਼੍ਰੀ ਨਨਕਾਣਾ ਸਾਹਿਬ, ਗੁਰਦੁਆਰਾ ਸ਼੍ਰੀ ਪੰਜਾ ਸਾਹਿਬ, ਗੁਰਦੁਆਰਾ ਸ਼੍ਰੀ ਡੇਹਰਾ ਸਾਹਿਬ, ਗੁਰਦੁਆਰਾ ਸ਼੍ਰੀ ਕਰਤਾਰਪੁਰ ਸਾਹਿਬ।
ਖ਼ਾਲਸਾ ਪੰਥ ਤੋਂ ਵਿਛੜੇ 25 ਤੋਂ ਵੱਧ ਗੁਰਧਾਮਾਂ ਦੀ ਇਤਿਹਾਸਕ ਯਾਤਰਾ।
ਨੋਟ - ਜੋ ਧਾਰਮਿਕ ਯਾਤਰਾ ਕਰਨ ਦੇ ਚਾਹਵਾਨ ਹਨ ਅਤੇ ਪੈਸੇ ਇਕੱਠੇ ਨਹੀਂ ਦੇ ਸਕਦੇ। ਉਹ ਸਾਨੂੰ ਪੈਸੇ ਕਿਸਤਾਂ ਰਾਹੀਂ ਵੀ ਅਦਾ ਕਰ ਸਕਦੇ ਹਨ।
ਕਿਸੇ ਵੀ ਤਰ੍ਹਾਂ ਦੀ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ -
ਸੁਲੱਖਣ ਸਿੰਘ ਇਟਲੀ +39 3471560734
Via, G.B.MORONI,11, GORLAGO BERGAMO. ITALY.

# ਬਾਬਾ ਬੁੱਢਾ ਸਾਹਿਬ ਜੀ ਦੇ ਜਨਮ ਦਿਹਾੜੇ ਤੇ ਕਰਵਾਏ ਧਾਰਮਿਕ ਸਮਾਗਮ





**ਫ਼ਿਰੋਜ਼ਪੁਰ, 24 ਅਕਤੂਬਰ (ਮਨੋਹਰ ਲਾਲ) :—** ਬਾਬਾ ਬੁੱਢਾ ਜੀ ਗ੍ਰੰਥੀ ਪਾਠੀ ਸਭਾ ਰਜਿਸਟਰ ਵੱਲੋਂ ਬਾਬਾ ਬੁੱਢਾ ਸਾਹਿਬ ਜੀ ਦਾ ਜਨਮ ਦਿਹਾੜਾ ਗੁਰਦੁਆਰਾ ਕਲਗੀਧਰ ਸਾਹਿਬ ਅਜੀਤ ਨਗਰ ਵਿਖੇ ਬੜੀ ਸ਼ਰਧਾ ਪੂਰਵਕ ਮਨਾਇਆ ਗਿਆ। ਇਸ ਮੌਕੇ ਸਭ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕੀਤਾ ਗਿਆ। ਉਪਰੰਤ ਬਾਬਾ ਬੁੱਢਾ ਜੀ ਗ੍ਰੰਥੀ ਪਾਠੀ ਸਭਾ ਵੱਲੋਂ ਸ਼ਬਦ ਕੀਰਤਨ ਗਾਇਨ ਕੀਤੇ ਗਏ। ਉਪਰੰਤ ਬਾਬਾ ਬੁੱਢਾ ਜੀ ਗ੍ਰੰਥੀ ਪਾਠੀ ਸਭਾ ਦੇ ਸਕੱਤਰ ਭਾਈ ਅੰਮ੍ਰਿਤ ਪ੍ਰੀਤ ਸਿੰਘ ਵੱਲੋਂ ਬਾਬਾ ਬੁੱਢਾ ਜੀ ਬਾਰੇ ਸੰਗਤਾਂ ਨੂੰ ਜਾਣਕਾਰੀ ਦਿੱਤੀ ਅਤੇ ਨਾਲ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਬਾਰੇ ਸੰਗਤਾਂ ਨੂੰ ਜਾਣਕਾਰੀ ਦਿੱਤੀ। ਸਾਰੀ ਸਮਾਪਤੀ ਉਪਰੰਤ ਸਭਾ ਦੇ ਪ੍ਰਧਾਨ ਭਾਈ ਕੁਲਵੰਤ ਸਿੰਘ ਵੱਲੋਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਕੋਟਨ ਕੋਟ ਧੰਨਵਾਦ ਕੀਤਾ ਅਤੇ ਬਾਬਾ ਬੁੱਢਾ ਸਾਹਿਬ ਜੀ ਦੇ ਜਨਮ ਦਿਹਾੜੇ ਤੇ ਆਈਆਂ ਸੰਗਤਾਂ ਅਤੇ ਸਭਾ ਦੇ ਮੈਂਬਰ ਸਾਹਿਬਾਨਾਂ ਨੂੰ ਪ੍ਰੋਗਰਾਮ ਤੇ ਪਹੁੰਚਣ ਤੇ ਜੀ ਆਇਆ ਆਖਿਆ। ਉਪਰੰਤ ਚਾਹ ਬ੍ਰੈਡ ਪਕੌੜਾ ਮਿਠਾਈ ਅਤੇ ਫਰੂਟ ਆਦਿਕ ਦੇ ਲੰਗਰ ਸੰਗਤਾਂ ਨੂੰ ਛਕਾਏ ਗਏ, ਜਿਸ ਵਿੱਚ ਸਭਾ ਦੇ ਪ੍ਰਧਾਨ ਭਾਈ ਕੁਲਵੰਤ ਸਿੰਘ, ਮੀਤ ਪ੍ਰਧਾਨ ਭਾਈ ਕਸ਼ਮੀਰ ਸਿੰਘ, ਚੇਅਰਮੈਨ ਭਾਈ ਅਵਤਾਰ ਸਿੰਘ ਫੌਜੀ ਵਾਈਸ ਚੇਅਰਮੈਨ ਹਰਮੀਤ ਸਿੰਘ ਸਕੱਤਰ ਭਾਈ ਅੰਮ੍ਰਿਤਪ੍ਰੀਤ ਸਿੰਘ, ਖਜਾਨਚੀ ਭਾਈ ਬਸੰਤ ਸਿੰਘ, ਮੀਤ ਸਕੱਤਰ ਭਾਈ ਗੁਰਮੀਤ ਸਿੰਘ, ਭਾਈ ਦਰਸ਼ਨ ਸਿੰਘ, ਭਾਈ ਗੁਰਨਾਮ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਸਮਰਥ ਸਿੰਘ, ਸਟੇਜ ਸਕੱਤਰ ਭਾਈ ਆਸ਼ਪਾਲ ਸਿੰਘ, ਭਾਈ ਮੇਜਰ ਸਿੰਘ, ਭਾਈ ਜਸਪ੍ਰੀਤ ਸਿੰਘ, ਭਾਈ ਗੁਰਪ੍ਰੀਤ ਸਿੰਘ ਤੋਂ ਇਲਾਵਾ ਕਈ ਹੋਰ ਸਭਾ ਦੇ ਮੈਂਬਰ ਸਾਹਿਬਾਨ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

## ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਸਮਾਧ ਹੁਸੈਨੀਵਾਲਾ ਵਿਖੇ

# ਸਫਾਈ ਦਾ ਬੁਰਾ ਹਾਲ—ਫਰੀਡਮ ਫਾਈਟਰ ਉੱਤਰਾ ਅਧਿਕਾਰੀ ਸੰਸਥਾ

**ਫ਼ਿਰੋਜ਼ਪੁਰ, 24 ਅਕਤੂਬਰ (ਮਨੋਹਰ ਲਾਲ) :—** ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੀ ਸਮਾਧ ਹੁਸੈਨੀਵਾਲਾ ਵਿਖੇ ਇਸ ਟਾਈਮ ਸਫਾਈ ਦਾ ਬੁਰਾ ਹਾਲ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਫਰੀਡਮ ਫਾਈਟਰ ਉੱਤਰਾ ਅਧਿਕਾਰੀ ਸੰਸਥਾ ਰਜਿ: 196 ਦੇ ਪ੍ਰਧਾਨ ਪਰਵੀਨ ਕੁਮਾਰ ਜਿੰਦਲ, ਇਕਬਾਲ ਸਿੰਘ ਸੀਨੀਅਰ ਮੀਤ ਪ੍ਰਧਾਨ, ਸਤਨਾਮ ਸਿੰਘ ਜ਼ਿਲ੍ਹਾ ਸਕੱਤਰ ਫ਼ਿਰੋਜ਼ਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਾਡੇ ਦੇਸ਼ ਨੂੰ ਆਜ਼ਾਦ ਕਰਵਾਉਣ ਵਾਲੇ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਹੱਸ—ਹੱਸ ਕੇ ਫਾਂਸੀ ਦੇ ਫੰਦਿਆਂ ਤੇ ਚੜ੍ਹ ਕੇ ਦੇਸ਼ ਆਜ਼ਾਦ ਕਰਵਾਇਆ, ਪਰ ਸਾਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਥੇ ਹੁਸੈਨੀਵਾਲਾ ਵਿਖੇ ਸਫਾਈ ਦਾ ਬਹੁਤ ਬੁਰਾ ਹਾਲ ਹੈ, ਇਸ ਸਬੰਧ ਵਿਚ ਅਸੀਂ ਕਈ ਵਾਰ ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿਚ ਲਿਆਉਂਦੇ ਹਾਂ।



ਉਪਰੋਕਤ ਆਗੂਆਂ ਨੇ ਅੱਗੇ ਦੱਸਿਆ ਕਿ ਅਸੀਂ ਆਜ਼ਾਦੀ ਗੁਲਾਟੀਆ ਦੀ ਸੰਤਾਨ ਹਾਂ, ਪਰ ਸਾਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਾਡੇ ਕੋਲੋਂ ਹੀ ਆਪਣੇ ਵਹੀਕਲ ਖੜ੍ਹੇ ਕਰਨ ਲਈ ਪਰਚੀ ਕੱਟੀ ਜਾਂਦੀ ਹੈ, ਸਟੈਂਡ ਵਾਲੇ ਸਾਨੂੰ ਵੀ ਨਹੀਂ ਬਖਸ਼ਦੇ, ਜਿਹੜੀ ਕਿ ਸਾਡੇ ਆਗੂ ਦੀ ਪਰਚੀ ਕੱਟੀ ਗਈ, ਜਿਸ ਦਾ ਨੰਬਰ 15212 ਹੈ ਅਤੇ 20 ਰੁਪਏ ਮੋਟਰ ਸਾਈਕਲ ਖੜ੍ਹਾ ਕਰਨ ਦੀ ਪਰਚੀ ਕੱਟੀ ਗਈ ਹੈ, ਅਸੀਂ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕਰਦੇ ਹਾਂ ਕਿ ਵਹੀਕਲ ਸਟੈਂਡ ਤੇ ਫਰੀਡਮ ਫਾਈਟਰਾਂ ਦੀ ਪਰਚੀ ਨਾ ਕੱਟੀ ਜਾਵੇ।

ਆਵਾਜ਼ਿ ਕੌਮ AWAZE QAUM International Newspaper & WEB TV

## ਪੰਜਾਬ ਦੇ ਰਾਜ ਸਭਾ ਮੈਂਬਰਾਂ ਵੱਲੋਂ 119 ਕਰੋੜ ’ਚੋਂ ਸਿਰਫ਼ 34 ਕਰੋੜ ਫੰਡ ਵਰਤੇ ਜਾਣ ’ਤੇ ਪੁਨਰ ਸੁਰਜੀਤ ਅਕਾਲੀ ਦਲ ਦਾ ਆਰੋਪ—“ਆਪ ਸਰਕਾਰ ਦੀ ਗੈਰ-ਸੰਜੀਦਗੀ ਬੇਨਕਾਬ”

**ਚੰਡੀਗੜ੍ਹ, 24 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਆਮ ਆਦਮੀ ਪਾਰਟੀ ਉੱਤੇ ਵੱਡੇ ਆਰੋਪ ਲਗਾਉਂਦੇ ਹੋਏ ਕਿਹਾ ਕਿ ਪੰਜਾਬ ਤੋਂ ਚੁਣੇ ਗਏ ਆਪ ਦੇ 7 ਰਾਜ ਸਭਾ ਮੈਂਬਰਾਂ ਨੂੰ ਕੇਂਦਰ ਵੱਲੋਂ 119.11 ਕਰੋੜ MPLAD ਫੰਡ ਜਾਰੀ ਹੋਏ,



ਆਵਾਜ਼ਿ ਕੌਮ AWAZE QAUM International Newspaper & WEB TV

ਪਰ ਉਹਨਾਂ ਵੱਲੋਂ ਕੇਵਲ 34.76 ਕਰੋੜ ਹੀ ਵਰਤੇ ਗਏ ਹਨ, ਜੋ ਸੂਬੇ ਪ੍ਰਤੀ ਗੈਰ-ਸੰਜੀਦਗੀ ਦੀ ਸਪੱਸ਼ਟ ਮਿਸਾਲ ਹੈ। ਉਨ੍ਹਾਂ ਨੇ ਕਿਹਾ ਕਿ ਸੂਬਿਆਂ ਦੀ ਤਰਜਮਾਨੀ ਲਈ ਬਣਾਈ ਗਈ ਰਾਜ ਸਭਾ ਵਿੱਚ ਪੰਜਾਬ ਦੀ ਆਵਾਜ਼ ਨੂੰ ਮਜ਼ਬੂਤ ਕਰਨ ਦੀ ਥਾਂ, ਆਮ ਆਦਮੀ ਪਾਰਟੀ ਨੇ ਬਾਹਰੀ ਲੋਕਾਂ ਨੂੰ ਭੇਜ ਕੇ ਪਹਿਲਾਂ ਹੀ ਪੰਜਾਬ ਦੀ ਨੁਮਾਇੰਦਗੀ ਨੂੰ ਕਮਜ਼ੋਰ ਕੀਤਾ ਸੀ। ਹੁਣ ਜਦੋਂ ਪੰਜਾਬ ਦੇ ਹਿੱਤਾਂ ਲਈ ਕੇਂਦਰ ਤੋਂ ਵਿਕਾਸੀ ਤੇ ਲੋਕ ਭਲਾਈ ਦੇ ਫੰਡ ਆਉਂਦੇ ਹਨ, ਉਹਨਾਂ ਨੂੰ ਵੀ ਵਰਤਣ ਤੋਂ ਕਤਰਾ ਰਹੀ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਤਿੱਖੇ ਸ਼ਬਦਾਂ ਵਿੱਚ ਪੁੱਛਿਆ, “ਇੱਕ ਪਾਸੇ ਭਗਵੰਤ ਮਾਨ ਕਹਿੰਦੇ ਹਨ ਕਿ ਕੇਂਦਰ ਸਰਕਾਰ ਨੇ ਪੰਜਾਬ ਦੇ ਫੰਡ ਰੋਕੇ ਹੋਏ ਹਨ, ਪਰ ਦੂਜੇ ਪਾਸੇ ਆਪਣੇ ਹੀ ਰਾਜ ਸਭਾ ਮੈਂਬਰਾਂ ਵੱਲੋਂ ਆਏ ਫੰਡਾਂ ਨੂੰ ਨਾ ਵਰਤਣ ’ਤੇ ਉਹ ਚੁੱਪ ਕਿਉਂ ਹਨ ?” ਉਨ੍ਹਾਂ ਕਿਹਾ ਕਿ ਜੇ ਆਪ ਸਰਕਾਰ ਨੂੰ ਸੱਚਮੁੱਚ ਪੰਜਾਬ ਦੇ ਲੋਕਾਂ ਦੇ ਹਿੱਤਾਂ ਦੀ ਚਿੰਤਾ ਹੁੰਦੀ, ਤਾਂ ਇਹ ਰਕਮ ਸੂਬੇ ਦੇ ਹਰੇਕ ਹਲਕੇ ਵਿੱਚ ਸਕੂਲਾਂ, ਹਸਪਤਾਲਾਂ ਅਤੇ ਬੁਨਿਆਦੀ ਢਾਂਚੇ ਦੀਆਂ ਜ਼ਰੂਰਤਾਂ ਪੂਰੀ ਕਰਨ ਲਈ ਵਰਤੀ ਜਾਂਦੀ। ਗਿਆਨੀ ਹਰਪ੍ਰੀਤ ਸਿੰਘ ਨੇ ਇਸਨੂੰ “ਰਾਜਨੀਤਿਕ ਦਿਖਾਵਾ ਤੇ ਪ੍ਰਚਾਰਬਾਜ਼ੀ” ਕਰਾਰ ਦਿੰਦਿਆਂ ਕਿਹਾ ਕਿ AAP ਦੀ ‘ਸਰਗਰਮ ਰਾਜਨੀਤੀ’ ਸਿਰਫ਼ ਕਾਗਜ਼ਾਂ ’ਤੇ ਹੀ ਸਰਗਰਮ ਹੈ, ਜਿੱਥੇ ਲੋਕਾਂ ਲਈ ਆਇਆ ਪੈਸਾ ਫਾਈਲਾਂ ਵਿੱਚ ਹੀ ਰੁਕ ਜਾਂਦਾ ਹੈ। ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਰਾਜ ਸਭਾ ਮੈਂਬਰਾਂ ਦੇ MPLAD ਫੰਡਾਂ ਦੀ ਵਰਤੋਂ ਬਾਰੇ ਵਿਸਥਾਰਕ ਹਿਸਾਬ ਜਨਤਕ ਕੀਤਾ ਜਾਵੇ, ਤਾਂ ਜੋ ਲੋਕਾਂ ਨੂੰ ਪਤਾ ਲੱਗੇ ਕਿ ਉਨ੍ਹਾਂ ਦੇ ਹੱਕ ਦਾ ਪੈਸਾ ਕਿੱਥੇ ਤੇ ਕਿਵੇਂ ਵਰਤਿਆ ਗਿਆ।

## ਜਥੇਦਾਰ ਦਾਦੂਵਾਲ ਤੇ ਪਾਏ ਗਬਨ ਦੇ ਕੇਸ ਸਬੰਧੀ ਜੁਡੀਸ਼ਲ ਕਮਿਸ਼ਨਰ ਨੇ ਝੀਂਡਾ ਗਰੁੱਪ ਨੂੰ ਪਾਈ ਝਾੜ - ਜਥੇਦਾਰ ਬੁੰਗਾਟਿੱਬੀ

**ਕਰਨਾਲ, 24 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਹਰਿਆਣਾ ਕਮੇਟੀ ਦੇ ਪ੍ਰਧਾਨ ਝਗਦੀਸ਼ ਸਿੰਘ ਝੀਂਡਾ ਗਰੁੱਪ ਵਲੋਂ ਉਸਾਰੇ ਹਵਾਈ ਕਿਲੇ ਢਹਿਣੇ ਸ਼ੁਰੂ ਹੋ ਗਏ ਹਨ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਕੋਲ ਝੀਂਡਾ ਗਰੁੱਪ ਦੇ ਮੈਂਬਰ ਕੁਲਦੀਪ ਸਿੰਘ ਮੁਲਤਾਨੀ ਵੱਲੋਂ ਹਰਿਆਣਾ ਕਮੇਟੀ ਧਰਮ ਪ੍ਰਚਾਰ ਦੇ ਚੇਅਰਮੈਨ ਅਤੇ ਸਾਬਕਾ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਤੇ 3 ਲੱਖ ਰੁਪਏ ਗਬਨ ਦੇ ਪਾਏ ਕੇਸ ਸਬੰਧੀ ਸੁਣਵਾਈ ਕਰਦਿਆਂ ਅੱਜ ਜੁਡੀਸ਼ਲ ਕਮਿਸ਼ਨਰ ਵੱਲੋਂ ਝੀਂਡਾ ਗਰੁੱਪ ਦੇ ਮੈਂਬਰ ਕੁਲਦੀਪ ਸਿੰਘ ਮੁਲਤਾਨੀ ਨੂੰ ਝਾੜ ਪਾਈ ਗਈ ਹੈ



ਆਵਾਜ਼ਿ ਕੌਮ AWAZE QAUM International Newspaper & WEB TV

ਜ਼ਿਕਰਯੋਗ ਹੈ ਕੇ ਝੀਂਡਾ ਗਰੁੱਪ ਦੇ ਮੁਲਤਾਨੀ ਵੱਲੋਂ ਕੇਸ ਪਾਇਆ ਗਿਆ ਸੀ ਕੇ ਜਥੇਦਾਰ ਦਾਦੂਵਾਲ ਦੀ ਸਿਫਾਰਿਸ਼ ਤੇ ਰਾਜਪੁਰਾ ਦੇ ਇੱਕ ਪਰਿਵਾਰ ਨੂੰ 3 ਲੱਖ ਰੁਪਏ ਦਾ ਸਹਾਇਤਾ ਫੰਡ ਦਿੱਤਾ ਹੀ ਨਹੀਂ ਗਿਆ ਤੇ ਜਥੇਦਾਰ ਦਾਦੂਵਾਲ ਨੇ ਖੁਦ ਗਬਨ ਕੀਤਾ ਹੈ ਜਥੇਦਾਰ ਸਵਰਨ ਸਿੰਘ ਬੁੰਗਾ ਟਿੱਬੀ ਮੈਂਬਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹਲਕਾ ਪੰਚਕੂਲਾ ਅਤੇ ਜਰਨਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਅਜ਼ਾਦ ਨੇ ਮੀਡੀਆ ਨੂੰ ਪ੍ਰੈੱਸਨੋਟ ਜਾਰੀ ਕਰਦਿਆਂ ਦੱਸਿਆ ਕੇ ਅੱਜ ਰਾਜਪੁਰਾ ਦੇ ਉਸ ਪਰਿਵਾਰ ਵੱਲੋਂ ਆਪਣੀ ਬੈਂਕ ਸਟੇਟਮੈਂਟ ਲੈ ਕੇ ਜੁਡੀਸ਼ਲ ਕਮਿਸ਼ਨ ਦੀ ਅਦਾਲਤ ਵਿੱਚ ਪੇਸ਼ ਹੋ ਕੇ ਦੱਸਿਆ ਕੇ ਕਿਵੇਂ ਉਨਾਂ ਦੇ ਨੌਜਵਾਨ ਪੁੱਤਰ ਦੀ ਮੌਤ ਹੋ ਗਈ ਸੀ ਅਤੇ ਉਸ ਦੀ ਵਿਧਵਾ ਤੇ ਬੱਚਿਆਂ ਨੂੰ ਜਥੇਦਾਰ ਦਾਦੂਵਾਲ ਦੀ ਸਿਫਾਰਸ਼ ਤੇ ਹਰਿਆਣਾ ਕਮੇਟੀ ਵਲੋਂ 3 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਗਈ ਸੀ ਜੋ ਉਨਾਂ ਕੋਲ ਪੁੱਜੀ ਹੋਈ ਹੈ ਜਥੇਦਾਰ ਦਾਦੂਵਾਲ ਜੀ ਨੇ ਕੋਈ ਗਬਨ ਨਹੀਂ ਕੀਤਾ ਜੁਡੀਸ਼ਲ ਕਮਿਸ਼ਨ ਨੇ ਝੀਂਡਾ ਗਰੁੱਪ ਦੇ ਕੁਲਦੀਪ ਸਿੰਘ ਮੁਲਤਾਨੀ ਨੂੰ ਝਾੜ ਪਾਉਂਦੇ ਕਿਹਾ ਕੇ ਤੁਸੀਂ ਇਹ ਬੱਚੇ ਦੇ ਉੱਤੇ ਜੋ ਕੇਸ ਬਣਾ ਕੇ ਪਾਇਆ ਹੈ ਉਹ ਕਨੂੰਨੀ ਤੌਰ ਤੇ ਵੀ ਗਲਤ ਹੈ ਇੱਕ ਬੱਚੇ ਤੇ ਇਸ ਤਰ੍ਹਾਂ ਕੇਸ ਨਹੀਂ ਕੀਤਾ ਜਾ ਸਕਦਾ ਜੁਡੀਸ਼ਲ ਕਮਿਸ਼ਨ ਦੀ ਅਦਾਲਤ ਵਿੱਚ ਝੀਂਡਾ ਗਰੁੱਪ ਕੁਲਦੀਪ ਸਿੰਘ ਮੁਲਤਾਨੀ ਨੇ ਗਲਤੀ ਲਈ ਮੁਆਫੀ ਮੰਗੀ ਹੈ ਜਥੇਦਾਰ ਸਵਰਨ ਸਿੰਘ ਨੇ ਕਿਹਾ ਕੇ ਪਿਛਲੇ ਦਿਨੀ ਝੀਂਡਾ ਗਰੁੱਪ ਦੇ ਇੱਕ ਮੈਂਬਰ ਇੰਦਰਜੀਤ ਸਿੰਘ ਨੇ ਮੇਰੇ ਵਿਰੁੱਧ ਵੀ ਝੂਠੀ ਬਿਆਨਬਾਜ਼ੀ ਕੀਤੀ ਸੀ ਜਲਦੀ ਹੀ ਝੀਂਡਾ ਗਰੁੱਪ ਦੇ ਝੂਠੀ ਬਿਆਨਬਾਜ਼ੀ ਕਰਨ ਵਾਲੇ ਮੈਬਰਾਂ ਤੇ ਮਾਣਹਾਨੀ ਦੇ ਕੇਸ ਦਰਜ ਕਰਵਾਏ ਜਾਣਗੇ ਇਸ ਸਬੰਧੀ ਜਦੋਂ ਜਥੇਦਾਰ ਦਾਦੂਵਾਲ ਜੀ ਨਾਲ ਸੰਪਰਕ ਕੀਤਾ ਗਿਆ ਤਾਂ ਉਨਾਂ ਕਿਹਾ ਕੇ ਝੀਂਡਾ ਗਰੁੱਪ ਨੂੰ ਸ਼ਰਮ ਨਾਲ ਚੱਪਣੀ ਚ ਨੱਕ ਡੋਬ ਕੇ ਮਰ ਜਾਣਾ ਚਾਹੀਦਾ ਹੈ ਜਿਨਾਂ ਦਾ ਨੌਜਵਾਨ ਜੀਅ ਇਸ ਜਹਾਨ ਤੋਂ ਚਲਾ ਗਿਆ ਹੋਵੇ ਉਸਦੇ ਬੱਚਿਆਂ ਨੂੰ ਸੰਮਣ ਕਰਕੇ ਅਦਾਲਤ ਵਿੱਚ ਸੱਦਿਆ ਗਿਆ ਤੇ ਜੁਡੀਸ਼ਲ ਕਮਿਸ਼ਨ ਵੱਲੋਂ ਝੀਂਡਾ ਗਰੁੱਪ ਨੇ ਝਾੜ ਖਾਧੀ ਹੈ ਜਥੇਦਾਰ ਦਾਦੂਵਾਲ ਨੇ ਕਿਹਾ ਕੇ ਉਨਾਂ ਵੱਲੋਂ ਤਾਂ ਇੱਕ ਲੋੜਵੰਦ ਦੁਖੀ ਪਰਿਵਾਰ ਦੀ ਸਹਾਇਤਾ ਕੀਤੀ ਗਈ ਸੀ ਪਰ ਉਸ ਦੁਖੀ ਪਰਿਵਾਰ ਨੂੰ ਅਦਾਲਤੀ ਸੰਮਨ ਭੇਜ ਕੇ ਝੀਂਡਾ ਗਰੁੱਪ ਨੇ ਆਪਣੀ ਅਕਲ ਦਾ ਜਨਾਜ਼ਾ ਕੱਢਿਆ ਹੈ।


## ਐਮਆਰਪੀ ਤੋਂ ਵੱਧ ਕੀਮਤ ’ਤੇ ਡੀਏਪੀ ਵੇਚਣ ਵਾਲੇ ਡੀਲਰਾਂ ਵਿਰੁੱਧ ਹੋਵੇਗੀ ਕਾਰਵਾਈ

**ਨਵੀਂ ਦਿੱਲੀ 24 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ):–** ਸੰਸਦ ਮੈਂਬਰ ਵਿਕਰਮ ਸਾਹਨੀ ਨੇ ਉਨ੍ਹਾਂ ਡੀਲਰਾਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ ਜੋ ਐਮਆਰਪੀ ਤੋਂ ਵੱਧ ਕੀਮਤਾਂ ’ਤੇ ਡੀਏਪੀ ਵੇਚ ਰਹੇ ਹਨ ਜਾਂ ਗਰੀਬ ਕਿਸਾਨਾਂ ਨੂੰ ਡੀਏਪੀ ਦੇ ਨਾਲ ਹੋਰ ਉਤਪਾਦ ਖਰੀਦਣ ਲਈ ਮਜਬੂਰ ਕਰ ਰਹੇ ਹਨ। ਡਾ. ਸਾਹਨੀ ਨੇ ਪੰਜਾਬ ਦੇ ਵੱਖ-ਵੱਖ ਵਿਧਾਇਕਾਂ ਵੱਲੋਂ ਅਜਿਹੇ ਡੀਲਰਾਂ ਵਿਰੁੱਧ ਐਫਆਈਆਰ ਦਰਜ ਕਰਨ ਅਤੇ ਉਨ੍ਹਾਂ ਦੇ ਲਾਇਸੈਂਸ ਰੱਦ ਕਰਨ ਦੇ ਕਦਮ ਦਾ ਸਮਰਥਨ ਕੀਤਾ।

ਆਵਾਜ਼ਿ ਕੌਮ AWAZE QAUM International Newspaper & WEB TV

ਉਨ੍ਹਾਂ ਕੇਂਦਰ ਸਰਕਾਰ ਨੂੰ ਇਹ ਵੀ ਬੇਨਤੀ ਕੀਤੀ ਕਿ ਉਹ ਹਾੜੀ ਦੇ ਸੀਜ਼ਨ ਦੌਰਾਨ ਪੰਜਾਬ ਨੂੰ ਲੋੜੀਂਦੀ ਮਾਤਰਾ ਵਿੱਚ ਡੀਏਪੀ ਭੇਜਣ ਦੀ ਯੋਜਨਾ ਬਣਾਏ ਤਾਂ ਜੋ ਕਣਕ ਦੀ ਬਿਜਾਈ ਪ੍ਰਭਾਵਿਤ ਨਾ ਹੋਵੇ। ਡਾ. ਸਾਹਨੀ ਨੇ ਕਿਹਾ ਕਿ ਹਾਲ ਹੀ ਵਿੱਚ ਆਏ ਹੜ੍ਹਾਂ ਕਾਰਨ ਪੰਜਾਬ ਦੇ ਕਿਸਾਨਾਂ ਦਾ ਪਹਿਲਾਂ ਹੀ ਵੱਡਾ ਨੁਕਸਾਨ ਹੋ ਚੁੱਕਾ ਹੈ ਅਤੇ ਉਨ੍ਹਾਂ ਦੀ ਝੋਨੇ ਦੀ ਫਸਲ ਤਬਾਹ ਹੋ ਗਈ ਹੈ।

# ਕੀ ਤੁਸੀਂ ਠੂੰਗਾ ਤਾਂ ਨਹੀਂ ਮਾਰਦੇ ?



ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)

ਕਈ ਵਾਰ ਚੋਰ, ਚੋਰੀ ਇਸ ਤਰਾਂ ਕਰਦਾ ਹੈ ਕਿ ਉਹ ਡਾਕਾ, ਚੋਰੀ ਤੇ ਜੇਬ ਕਤਰੀ, ਤਿਨੇ ਕੰਮ, ਇਕੋ ਸਮੇਂ, ਤੁਹਾਡੀਆਂ ਅੰਖਾਂ ਦੇ ਬਿਲਕੁਲ ਸਾਹਮਣੇ, ਇਸ ਢੰਗ ਤੇ ਸਫਾਈ ਨਾਲ ਕਰਦਾ ਹੈ ਕਿ ਤੁਹਾਨੂੰ ਪਤਾ ਤੱਕ ਵੀ ਨਹੀਂ ਲਗਦਾ, ਦੂਜੇ ਸ਼ਬਦਾਂ ਵਿਚ ਇੰਜ ਕਹਿ ਸਕਦੇ ਹਾਂ ਕਿ ਚੋਰ ਆਪਣਾ ਕੰਮ ਏਨੀ ਸਫਾਈ ਨਾਲ ਕਰਦਾ ਹੈ ਕਿ ਉਰ ਤੁਹਾਨੂੰ ਜਾਗਦਿਆਂ ਨੂੰ ਹੀ ਪੌਂਦੀ ਪਾ ਜਾਂਦਾ ਹੈ। ਤੁਸੀਂ ਆਪਣੀ ਜੇਬ ਕਟਾ ਕੇ, ਖੁਸ਼ੀ ਖੁਸ਼ੀ ਘਰ ਪਰਤ ਜਾਂਦੇ ਤੇ ਵਾਰ ਵਾਰ ਆਪਣੀ ਜੇਬ ਉੱਤੇ ਡਾਕਾ ਤੇ ਜੇਬ ਕਤਰੇ ਵਾਲੀ ਕੈਂਚੀ ਮਰਵਾਉਂਦੇ ਰਹਿੰਦੇ ਹੋ ।

ਜੀ ਹਾਂ ! ਇਹ ਬਿਲਕੁਲ ਸੱਚ ਹੈ, ਤਿੱਥ ਤਿਓਹਾਰਾਂ ਦੇ ਦਿਨਾਂ ਵਿਚ ਇਹ ਗੋਰਖ ਧੰਦਾ ਸਾਰੇ ਕਾਇਦੇ ਕਾਨੂੰਨਾਂ ਨੂੰ ਛਿੱਕੇ ਟੰਗਕੇ ਬਹੁਤ ਜੋਰਾਂ ਸ਼ੋਰਾਂ 'ਤੇ ਚਲਦਾ ਹੈ, ਪਰ ਹੈਰਾਨੀ ਵਾਲੀ ਗੱਲ ਇਹ ਕਿ ਮਜਾਲ ਹੈ ਕਿ ਇਸ ਦੀ ਕਿਸੇ ਨੂੰ ਬਿੜਕ ਭਿਣਕ ਵੀ ਪੈ ਜਾਏ ?

ਕੱਲ੍ਹ ਦੀਵਾਲੀ ਦਾ ਤਿਓਂਹਾਰ ਸੀ, ਮੇਰੇ ਇਕ ਪਰਮ ਮਿੱਤਰ ਨੇ ਆਪਣੇ ਘਰ ਖਾਣੇ ਦੀ ਦਾਅਵਤ ਦਿੱਤੀ ਤੇ ਉਸ ਦੇ ਘਰ ਵੱਲ ਜਾਂਦਿਆਂ, ਖਾਲੀ ਹੱਥ ਜਾਣ ਦੀ ਬਜਾਏ, ਮੈਂ ਰਸਤੇ ਵਿਚ ਇੱਕ ਪੰਜਾਬੀ ਮਿਠਿਆਈਆਂ ਦੀ ਦੁਕਾਨ 'ਤੇ ਕੁੱਝ ਮਿਠਿਆਈ ਲੈਣ ਵਾਸਤੇ ਰੁਕਿਆ, ਸਰਵਿਸ ਕਾਉਂਟਰ 'ਤੇ ਹਾਜਰ ਪੰਜਾਬੀ ਬੀਬੀ ਨੂੰ ਇੱਕ ਕਿੱਲੋ ਖਾਲਿਸ ਬਰਫੀ ਦੇਣ ਵਾਸਤੇ ਕਿਹਾ । ਉਸ ਬੀਬੀ ਨੇ ਗੱਤੇ ਦਾ ਡੱਬਾ ਸਕੇਲ 'ਤੇ ਰੱਖਿਆ ਤੇ ਬਰਫੀ ਵਾਲੀ ਟਰੇਅ ਸ਼ੀਸ਼ੇ ਦੀ ਸ਼ੈਲਫ ਵਿਚੋਂ ਬਾਹਰ ਕੱਢਕੇ, ਡੱਬੇ ਵਿਚ ਬਰਫੀ ਪਾ ਕੇ ਜਦ ਤੋਲਣ ਲੱਗੀ ਤਾਂ ਮੈਂ ਬੀਬੀ ਨੂੰ ਸਭਾਇਕੇ ਜਿਹੇ ਹੀ ਪੁੱਛਿਆ ਕਿ "ਕੀ ਤੁਸੀਂ ਠੂੰਗਾ ਤਾਂ ਮਾਰਦੇ ?" ਉਸ ਨੇ ਮੁਸਕਰਾ ਕੇ ਨਾਂਹ ਵਿਚ ਸਿਰ ਫੇਰਦਿਆਂ ਕਿਹਾ, "ਨਹੀਂ ਜੀ ਅਸੀਂ ਇਹ ਕੰਮ ਨਹੀਂ ਕਰਦੇ ।"

"ਪੱਕੀ ਗੱਲ ਹੈ ? ਮੈਂ ਦੁਬਾਰਾ ਪੁੱਛਿਆ ।

ਉਸ ਨੇ ਹਾਂ ਵਿਚ ਸਿਰ ਹਿਲਾਇਆ ਤੇ ਨਾਲ ਹੀ ਕਿਹਾ "ਜੀ ਬਿਲਕੁਲ ।"

ਤੇ ਫਿਰ ਮੈਂ ਉਸ ਬੀਬੀ ਨੂੰ ਜਦ ਇਹ ਪੁੱਛਿਆ ਕਿ, ਤੁਸੀਂ ਗੱਤਾ (ਗੱਤੇ ਦਾ ਡੱਬਾ) ਤੇ ਬਰਫੀ, ਇਕੱਠੇ ਹੀ ਤੋਲ ਰਹੇ ਹੋ, ਕੀ ਗੱਤੇ ਤੇ ਬਰਫੀ ਦਾ ਭਾਅ ਬਜਾਰ ਵਿਚ ਇੱਕ ਹੀ ਹੈ ਜਾਂ ਕੋਈ ਫਰਕ ਹੈ ?"

ਹੁਣ ਉਸ ਨੂੰ ਪਤਾ ਲੱਗ ਚੁੱਕਾ ਸੀ ਕਿ ਮੈਂ ਠੂੰਗਾ ਮਾਰਨ ਵਾਲੀ ਗੱਲ ਕਿਉਂ ਕੀਤੀ ਸੀ, ਪਰ ਉਸ ਨੇ ਸੰਭਲ਼ਦਿਆਂ ਹੋਇਆ ਕਿਹਾ ਕਿ, "ਇਹ ਪੈਕਿੰਗ ਹੈ ਜੀ, ਇਸ ਵਿਚ ਪਾਈ ਹੋਈ ਮਿਠਿਆਈ ਖਰਾਬ ਨਹੀਂ ਹੁੰਦੀ ।"

"ਜੀ ਤੁਸੀਂ ਬਿਲਕੁਲ ਠੀਕ ਕਹਿ ਰਹੇ ਹੋ ਕਿ ਗੱਤੇ ਦਾ ਡੱਬਾ ਮਿਠਿਆਈ ਪੈਕ ਕਰਨ ਵਾਸਤੇ ਵਰਤਿਆ ਜਾ ਰਿਹਾ ਹੈ, ਪਰ ਗਰਾਹਕ ਦੇ ਤੌਰ 'ਤੇ ਮੈਂ ਤਾਂ ਇਸ ਦੀ ਮੰਗ ਹੀ ਨਹੀਂ ਕੀਤੀ ਕਿ ਤੁਸੀਂ ਮੈਨੂੰ ਬਰਫੀ ਡੱਬੇ ਵਿਚ ਪੈਕ ਕਰਕੇ ਦਿਓ । ਇਹ ਤਾਂ ਤੁਸੀਂ ਆਪਣੀ ਮਰਜੀ ਨਾਲ ਕਰ ਰਹੇ ਹੋ ਜਿਸ ਦੇ ਦੋ ਕਾਰਨ ਹਨ । ਪਹਿਲਾ ਇਹ ਕਿ ਇਕ ਕਿੱਲੋ ਬਰਫੀ ਵਿਚ ਸੌ ਤੋਂ ਡੇਢ ਸੌ ਗਰਾਮ ਗੱਤਾ ਮਿਲਾ ਕੇ, ਘੱਟ ਤੋਲਣਾ ਤੇ ਵਧੇਰੇ ਲਾਭ ਲੈਣਾ । ਦੂਸਰਾ ਕਾਰਨ ਇਹ ਹੈ ਕਿ, ਇਸ ਡੱਬੇ ਉੱਤੇ ਤੁਸੀਂ ਆਪਣੇ ਕਾਰੋਬਾਰ ਦੀ ਪ੍ਰਿੰਟਿੰਗ ਕੀਤੀ ਹੋਈ ਹੈ, ਜਿਸ ਨਾਲ ਤੁਸੀਂ ਮੁਫਤੋ ਮੁਫਤੀ ਇਕ ਗ੍ਰਾਹਕ ਰਾਹੀਂ ਆਪਣੇ ਕਾਰੋਬਾਰ ਦੀ ਮਸ਼ਹੂਰੀ ਕਰ ਰਹੇ ਹੋ । ਤੁਹਾਡੇ ਤਾਂ ਦੋਵੇਂ ਹੱਥ ਲੱਡੂ ਨੇ ਤੇ ਅਜੇ ਤੁਸੀਂ ਆਪਣੀ ਦੁਕਾਨ ਦੇ ਅੰਦਰ ਬਾਬੇ ਗੁਰੂ ਨਾਨਕ ਦੇਵ ਦੀ ਤਸਵੀਰ ਲਗਾ ਰੱਖੀ ਹੈ ਤੇ ਮੈਨੂੰ ਵਿਸ਼ਵਾਸ਼ ਵੀ ਦਿਵਾ ਰਹੇ ਹੋ ਕਿ ਅਸੀਂ ਠੂੰਗਾ ਨਹੀਂ ਮਾਰਦੇ, ਬਸ ਤੇਰਾਂ ਤੇਰਾਂ ਤੇਰਾਂ ਹੀ ਤੋਲਦੇ ਹਾਂ !!"

ਮੈਂ ਉਕਤ ਸਾਰੀ ਗੱਲ ਇਕ ਵਾਰ ਹੀ ਮੁਕਾ ਦਿੱਤੀ । ਮੇਰੀ ਗੱਲ ਸੁਣਕੇ ਦੁਕਾਨ ਵਾਲੀ ਬੀਬੀ ਕੋਲ ਕੋਈ ਜਵਾਬ ਨਹੀਂ ਸੀ, ਉਸ ਦੇ ਚੇਹਰੇ ਉੱਤੇ ਹਵਾਈਆਂ ਉੱਡ ਰਹੀਆਂ ਸਨ ਤੇ ਉਹ ਹੱਕੀ ਬੱਕੀ ਹੋ ਕੇ ਮੇਰੇ ਵੱਲ ਦੇਖ ਰਹੀ ਸੀ, ਉਹ ਭੰਬਲ ਭੂਸੇ ਵਿਚ ਸੀ ਕਿ ਉਹ ਹੁਣ ਮੇਰੇ ਵਾਸਤੇ ਕਿੱਲੋ ਬਰਫੀ ਤੋਲੇ ਜਾਂ ਨਾ ਤੋਲੇ, ਡੱਬੇ ਸਮੇਤ ਤੋਲੇ ਕਿ ਡੱਬੇ ਤੋਂ ਬਿਨਾ ਤੋਲੇ ਜਾਂ ਫੇਰ ਸਿੱਧਾ ਮੈਨੂੰ ਦੁਕਾਨ ਤੋਂ ਬਾਹਰ ਨਿਕਲ ਜਾਣ ਲਈ ਕਹੇ । ਮੇਰੇ ਪਿੱਛੇ ਤਿੰਨ ਚਾਰ ਹੋਰ ਗਾਹਕਾਂ ਦੀ ਲਾਇਨ ਵੀ ਲੱਗ ਚੁੱਕੀ ਸੀ, ਪਰ ਦੁਕਾਨ ਵਾਲੀ ਬੀਬੀ ਮੇਰੇ ਵਾਲੇ ਮਸਲੇ ਚ ਪੂਰੀ ਤਰਾਂ ਉਲਝ ਚੁੱਕੀ ਸੀ ।

ਬੀਬੀ ਨੇ ਥੋਹੜਾ ਸਮਾਂ ਚੁੱਪ ਰਹਿਣ ਉਪਰੰਤ ਮੈਨੂੰ ਇਹ ਦੱਸਦਿਆਂ ਕਿ ਅਸੀਂ ਤਾਂ ਸਭ ਮਿਠਿਆਈ ਇਸੇ ਤਰਾਂ ਹੀ ਤੋਲਦੇ ਹਾਂ, ਅੱਜ ਤੱਕ ਕਿਸੇ ਨੇ ਕਦੇ ਕੋਈ ਕਿੰਤੂ ਨਹੀਂ ਕੀਤਾ ਤੇ ਨਾਲ ਹੀ ਉਹਨਾਂ ਨੇ ਮੈਨੂੰ ਇਹ ਆਫਰ ਕੀਤੀ ਕਿ ਤੁਹਾਨੂੰ ਅਸੀਂ ਮਿਠਿਆਈ ਤਾਂ ਡੱਬੇ ਸਮੇਤ ਹੀ ਤੋਲ ਦਿੰਦੇ ਹਾਂ, ਇਸ ਵਿਚ ਦੋ ਪੀਸ ਵੱਧ ਪਾ ਦਿਆਂਗੇ।

ਬੀਬੀ ਦੀ ਇਸ ਆਫਰ ਦੇ ਜਵਾਬ ਵਿਚ ਮੈਂ ਕਿਹਾ ਕਿ, ਮੈਂ ਤੁਹਾਨੂੰ ਘਾਟਾ ਪਾਉਣ ਨਹੀਂ ਆਇਆ ਤੇ ਨਾ ਇਹ ਗੱਲਬਾਤ ਤੁਹਾਥੋਂ ਵਾਧੂ ਮਿਠਿਆਈ ਲੈਣ ਵਾਸਤੇ ਕੀਤੀ ਹੈ, ਗੱਲ ਸਿਰਫ ਅਸੂਲ ਦੀ ਹੈ, ਖਰਾ ਸੌਦਾ ਤੋਲਣ ਦੀ ਹੈ, ਗਰਾਹਕ ਨਾਲ ਇਮਾਨਦਾਰੀ ਕਰਨ ਦੀ ਹੈ । ਦੁਕਾਨਦਾਰ ਤੇ ਗਰਾਹਕ ਦਾ ਆਪਸੀ ਸੰਬੰਧ ਭਰੋਸੇ 'ਤੇ ਟਿਕਿਆ ਹੁੰਦਾ ਹੈ, ਗਰਾਹਕ ਨੂੰ ਵਧੀਆ ਸਰਵਿਸ ਮਿਲਦੀ ਹੈ ਤਾਂ ਵਾਰ ਵਾਰ ਆਏਗਾ ਇਸ ਦੇ ਨਾਲ ਹੀ ਹੋਰਨਾਂ ਨੂੰ ਉਸ ਦੁਕਾਨ 'ਤੇ ਜਾਣ ਵਾਸਤੇ ਪਰੇਰੇਗਾ ।

ਫਿਰ ਮੈਂ ਉਸ ਬੀਬੀ ਨੂੰ ਦੱਸਿਆ ਕਿ ਤੁਹਾਡੇ ਭਾਰ ਕਰਨ ਵਾਲੇ ਸਕੇਲ ਉੱਤੇ ਇੱਕ ਬਟਨ ਹੈ, ਜਿਸ ਨੂੰ "ARE ਕਹਿੰਦੇ ਹਨ, ਅਗਰ ਤੁਸੀਂ ਮਿਠਿਆਈ ਡੱਬੇ ਵਿਚ ਹੀ ਪਾ ਕੇ ਦੇਣੀ ਹੈ ਤਾਂ ਇਸ ਬਟਨ ਦੀ ਵਰਤੋਂ ਜਰੂਰ ਕਰੋ । ਬੀਬੀ ਨੂੰ ਇਸ ਉਕਤ ਬਟਨ ਬਾਰੇ ਬਿਲਕੁਲ ਵੀ ਜਾਣਕਾਰੀ ਨਹੀਂ ਸੀ । ਉਸ ਨੂੰ ਸਮਝਾਇਆ ਕਿ ਬਰਫੀ ਦਾ ਪਹਿਲਾਂ ਤੋਲਿਆ ਹੋਇਆ ਡੱਬਾ ਸਕੇਲ 'ਤੋਂ ਉਤਾਰ ਲਓ ਤੇ ਖਾਲੀ ਡੱਬਾ ਸਕੇਲ ਦੇ ਉੱਤੇ ਰੱਖਕੇ "ARE ਵਾਲਾ ਬਟਨ ਦਬਾਓ, ਟੀਂ ਦੀ ਅਵਾਜ ਆਉਣ 'ਤੇ ਸਕੇਲ ਡੱਬੇ ਦਾ ਭਾਰ ਮਨਫੀ ਕਰ ਦੇਵੇਗਾ, ਜਿਸ ਤੋਂ ਬਾਅਦ ਤੋਲੀ ਗਈ ਮਿਠਿਆਈ ਡੱਬੇ ਵਿਚ ਸ਼ੁੱਧ ਭਾਰ ਮੁਤਾਬਿਕ ਹੋਵੇਗੀ, ਭਾਵ ਗੱਤੇ ਦੇ ਡੱਬੇ ਦਾ ਭਾਰ ਮਿਠਿਆਈ ਵਿਚ ਸ਼ਾਮਿਲ ਨਹੀਂ ਹੋਵੇਗਾ ।

ਲਓ ਜੀ ! ਮਸਲਾ ਹੱਲ ਹੋ ਗਿਆ ਸੀ, ਉਸ ਬੀਬੀ ਨੇ ਅੱਗੋਂ ਤੋਂ ਸੱਚਾ ਸੌਦਾ ਕਰਨ ਦਾ ਵਾਅਦਾ ਕੀਤਾ ਤੇ ਮੈਂ ਉਸ ਦੁਕਾਨ ਤੋਂ ਆਪਣੇ ਮਿੱਤਰ ਦੇ ਘਰ ਵੱਲ ਵਧ ਗਿਆ । ਜਦ ਆਪਣੇ ਮਿੱਤਰ ਨੂੰ ਰਸਤੇ ਚ ਹੋਈ ਇਹ ਉਕਤ ਘਟਨਾ ਦੱਸੀ ਤਾਂ ਉਹ ਇਹ ਸਾਰਾ ਕਿੱਸਾ ਸੁਣਕੇ ਦੰਗ ਰਹਿ ਗਿਆ ਕਿਉਂਕਿ ਉਸ ਦੇ ਦੱਸਣ ਮੁਤਾਬਿਕ ਉਹ ਵੀ ਮਿਠਿਆਈ ਵਗੈਰਾ ਅਕਸਰ ਲਿਆਉਂਦੇ ਹੀ ਰਹਿੰਦੇ ਹਨ ਤੇ ਉਹਨਾਂ ਕਦੇ ਵੀ ਇਸ ਪਰਕਾਰ ਦੀ ਠੱਗੀ ਵੱਲ ਧਿਆਨ ਨਹੀਂ ਸੀ ਦਿੱਤਾ ।

ਇਸ ਸੰਬੰਧੀ ਇਹ ਜਾਣਕਾਰੀ ਵੀ ਤੁਹਾਡੇ ਨਾਲ ਸਾਂਝੀ ਕਰਨੀ ਚਾਹਾਂਗਾ ਕਿ ਬਰਤਾਨੀਆ ਦਾ ਕਾਨੂੰਨ ਬੇਸ਼ੱਕ ਡੱਬੇ ਸਮੇਤ ਮਿਠਿਆਈ ਜਾਂ ਹੋਰ ਚੀਜ਼ਾਂ ਤੋਲਣ ਬਾਰੇ ਬਿਲਕੁਲ ਚੁੱਪ ਹੈ, ਪਰ ਦੋ ਵੱਖਰੇ ਭਾਅ ਵਾਲੀਆਂ ਚੀਜਾਂ ਵਿਚੋਂ ਸਸਤੀ ਨੂੰ ਮਹਿੰਗੇ ਭਾਅ ਵਾਲੀ ਦੇ ਓਹਲੇ ਚ ਰੱਖਕੇ ਮਹਿੰਗੇ ਭਾਅ ਵੇਚ ਕੇ ਮਨਾਫਾ ਖੱਟਣਾ, ਨਿਰੀ ਠੱਗੀ, ਧੋਖਾ ਜਾਂ ਫਰੌਡ ਮੰਨਿਆ ਜਾਂਦਾ ਹੈ ਜਿਸ ਦਾ ਮੁਕੱਦਮਾ ਸਥਾਨਕ ਕੰਜਿਊਮਰ ਕੋਰਟ ਵਿਚ ਚਲਾਇਆ ਜਾ ਸਕਦਾ ਹੈ । ਵੱਡੀ ਗੱਲ ਇਹ ਹੈ ਕਿ ਗਰਾਹਕ ਨੂੰ ਆਪਣੇ ਹੱਕਾਂ ਦਾ ਪਤਾ ਹੋਣਾ ਚਾਹੀਦਾ ਹੈ ਤਾਂ ਉਹ ਆਪਣੇ ਨਾਲ ਹੋ ਰਹੀ ਕਿਸੇ ਵੀ ਹੇਰਾਫੇਰੀ ਵੇਲੇ ਆਪਣਾ ਬਚਾਅ ਕਰ ਸਕਣ । ਆਸ ਹੈ, ਇਹ ਜਾਣਕਾਰੀ ਆਪ ਸਭ ਨੂੰ ਪਸੰਦ ਆਏਗੀ । ਧੰਨਵਾਦ ।

### ਹੈਲਥ ਵਰਕਰ ਯੂਨੀਅਨ ਪੰਜਾਬ ਦ ਆਮ ਆਦਮੀ ਪਾਰਟੀ ਦੇ ਉਮੀਦਵਾਰ

# ਹਰਮੀਤ ਸੰਧੂ ਦੇ ਘਰ ਦਾ ਘਰਾਓ 26 ਨੂੰ : ਪ੍ਰਧਾਨ ਸੁਖਬੀਰ ਕੌਰ



**ਚੌਕ ਮਹਿਤਾ, 24 ਅਕਤੂਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )-** ਅੱਜ ਕੰਟਰੈਕਟ ਮਲਟੀਪਰਪਜ ਹੈਲਥ ਵਰਕਰ (ਫੀਮੇਲ) ਯੂਨੀਅਨ ਪੰਜਾਬ ਦੇ ਸੂਬਾ ਵਾਈਸ ਪ੍ਰਧਾਨ ਸੁਖਬੀਰ ਕੌਰ ਨੇ ਪ੍ਰੈਸ ਬਿਆਨ ਜਾਰੀ ਕਰਦਿਆ ਦੱਸਿਆ 26-10-25 ਨੂੰ ਜ਼ਿਮਨੀ ਚੋਣ ਤਰਨਤਾਰਨ ਵਿਖੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਦੇ ਘਰ ਦਾ ਘਰਾਓ ਕੀਤਾ ਜਾਵੇਗਾ। ਮਾਨ ਸਰਕਾਰ ਵੱਲੋ ਹਜਾਰਾਂ ਨੌਕਰੀਆਂ ਵੰਡਣ ਦੇ ਖੋਖਲੇ ਬਾਅਦੇ ਦਾ ਪਰਦਾ ਫਾਸ ਕੀਤਾ ਜਾਵੇਗਾ। ਕੰਟਰੈਕਟ ਮਲਟੀਪਰਪਜ ਹੈਲਥ ਕਰਮਚਾਰਨਾ ਵਿੱਚ ਭਾਰੀ ਰੋਸ਼ ਹੈ ਕਿ ਸਰਕਾਰ ਮਾਨਯੋਗ ਹਾਈ ਕੋਰਟ ਵੱਲੋ ਸਾਡੇ ਬਣਦੇ ਹੱਕ ਅਨੁਸਾਰ ਬਰਾਬਰ ਕੰਮ ਬਰਾਬਰ ਤਨਖ਼ਾਹ ਦੇ ਫੈਸਲੇ ਨੂੰ ਲਾਗੂ ਕਰਨ ਤੋਂ ਆਨਾਕਾਨੀ ਕਰ ਰਹੀ ਹੈ। ਪਹਿਲਾ ਸਿਹਤ ਵਿਭਾਗ ਮਾਨਯੋਗ ਕੋਰਟ ਦਾ ਹਵਾਲਾ ਦੇ ਕੇ ਪਿੱਛਲੇ 9-10 ਸਾਲਾਂ ਤੋਂ ਟਾਲ ਮਟੋਲ ਕਰ ਰਿਹਾ । ਹੁਣ ਮਾਨਯੋਗ ਹਾਈ ਕੋਰਟ ਵੱਲੋਂ ਸਾਰੀਆਂ ਰੋਕਾਂ ਹਟਾ ਕੇ ਸਾਡੇ ਹੱਕ ਵਿੱਚ ਫ਼ੈਸਲੇ ਦੇਣ ਦੇ ਬਾਵਜੂਦ ਵੀ ਮਹਿਕਮਾ ਪੱਲਾ ਨਹੀਂ ਫੜਾ ਰਿਹਾ । ਸੂਬਾ ਸਰਕਾਰ ਯੂਨੀਅਨ ਦੀਆਂ ਵਿਭਾਗੀ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਇੰਨੀਆਂ ਵੀ ਮੀਟਿੰਗਾਂ ਸਰਕਾਰੀ ਅਧਿਕਾਰੀਆਂ ਨਾਲ ਹੋਈਆਂ ਹਨ ਉਹ ਬੇਸਿੱਟਾਂ ਰਹੀਆਂ ਹਨ ਸਿਰਫ ਲਾ ਰਿਹਾ ਤੋਂ ਬਿਨਾਂ ਕੁਝ ਨਹੀਂ ਦਿੱਤਾ ਉਨਾ ਚਿਤਾਵਨੀ ਦਿੱਤੀ ਹੈ ਕਿ ਜੇਕਰ ਸਾਡੀਆਂ ਇਹਨਾਂ ਮੰਗਾਂ ਵੱਲ ਸਰਕਾਰ ਨੇ ਧਿਆਨ ਨਾ ਦਿੱਤਾ ਤਾਂ ਤਰਨ ਤਾਰਨ ਜਮੀਨੀ ਚੋਣ ਵਿੱਚ ਪੱਕਾ ਮੋਰਚਾ ਲਾ ਕੇ ਸਰਕਾਰ ਦੀਆਂ ਗਲਤ ਨੀਤੀਆਂ ਦਾ ਵਿਰੋਧ ਕੀਤਾ ਜਾਵੇਗਾ 26 ਦੀਏ ਰੈਲੀ ਸਰਕਾਰ ਦੀਆਂ ਜੜਾਂ ਹਿਲਾ ਦੇਵੇਗੀ ਜੇਕਰ ਸਰਕਾਰ ਫਿਰ ਉਹਨਾਂ ਜਾਗੀ ਤਾਂ ਪੂਰੇ ਪੰਜਾਬ ਵਿੱਚ ਸਰਕਾਰ ਵਿਰੁੱਧ ਪ੍ਰਦਰਸ਼ਨ ਕੀਤੇ ਜਾਣਗੇ। ਯੂਨੀਅਨ ਦੀਆਂ ਵਿਭਾਗੀ ਅਤੇ ਹੱਕੀ ਮੰਗਾਂ ਤੇ ਮੀਟਿੰਗਾਂ ਕਰ ਕੇ ਸਿਰਫ ਇੱਕ ਡੰਗ ਟਪਾਊ ਨੀਤੀ ਅਪਣਾਈ ਹੋਈ ਹੈ ।ਕਿਸੇ ਵੀ ਮੀਟਿੰਗ ਨੂੰ ਲਿਖਤੀ ਰੂਪ ਵਿੱਚ ਅਮਲ ਵਿੱਚ ਨਹੀ ਲਿਆਂਦਾ ਜਾ ਰਿਹਾ ਜਿਸ ਤੋਂ ਸਿਹਤ ਵਿਭਾਗ ਅਤੇ ਪੰਜਾਬ ਸਰਕਾਰ ਦੀ ਨੀਅਤ ਦਾ ਸਾਫ ਪਤਾ ਲੱਗਦਾ ਹੈ ਪਿਛਲੀਆਂ ਸਾਰੀਆਂ ਪੈਨਲ ਮੀਟਿੰਗਾਂ ਵਿੱਚ ਲਾਰੇ ਤੋਂ ਬਿਨਾਂ ਅੱਜ ਤੱਕ ਕੁਝ ਨਹੀਂ ਮਿਲਿਆ। ਆਖਰੀ ਪੈਨਲ ਮੀਟਿੰਗ ਸਿਹਤ ਮੰਤਰੀ ਜੀ ਨਾਲ 6-10-25 ਨੂੰ ਹੋਈ ਸੀ ਜਿਸ ਵਿਚ ਉਹਨਾਂ ਵੱਲੋ ਕਿਹਾ ਗਿਆ ਕਿ ਫਾਈਲ ਵਿੱਤ ਵਿਭਾਗ ਵਿੱਚ ਭੇਜ ਰਹੇ ਹਾਂ ਵਿੱਤ ਵਿਭਾਗ ਵੱਲੋਂ ਮਨਜ਼ੂਰੀ ਮਿਲਣ ਤੇ ਅਸੀ ਬਹੁਤ ਜਲਦੀ ਤੇ ਦੀਵਾਲੀ ਤੋਂ ਪਹਿਲਾਂ ਆਰਡਰ ਜਾਰੀ ਕਰਾਂਗੇ । ਉਸ ਤੋਂ ਪਹਿਲਾਂ ਅਸੀ ਵਿੱਤ ਮੰਤਰੀ ਜੀ ਨਾਲ ਤੁਹਾਡੀ ਮੀਟਿੰਗ ਵੀ ਕਰਵਾ ਦਿੰਦੇ ਹਾਂ । ਵੀਹ ਦਿਨ ਬੀਤ ਜਾਣ ਦੇ ਬਾਅਦ ਵੀ ਅੱਜ ਤੱਕ ਕੋਈ ਵੀ ਮਹਿਕਮੇ ਵੱਲੋਂ ਨਾ ਮੀਟਿੰਗ ਦੀ ਅਤੇ ਨਾ ਹੀ ਫਾਈਲ ਸਬੰਧੀ ਕੋਈ ਜਾਣਕਾਰੀ ਦਿੱਤੀ ਗਈ ਹੈ ।ਇਸ ਵਾਰ ਸਿਹਤ ਵਿਭਾਗ ਦੇ ਮੁਲਾਜ਼ਮਾਂ ਵੱਲੋ ਦਿਵਾਲੀ ਪਿਛਲੇ ਸਾਲਾਂ ਦੀ ਤਰਾਂ ਮਾਨ ਸਰਕਾਰ ਦੇ ਜੁਮਲੇ ਲਾਰਿਆ ਵਿੱਚ ਮਨਾਈ ਹੈ। ਅਸੀਂ 6 -10-25 ਤੋਂ ਬਾਅਦ ਕਈ ਵਾਰ NRHM ਦਫਤਰ ਜਾ ਕੇ ਫਾਈਲ ਅਤੇ ਆਰਡਰਾਂ ਬਾਰੇ ਪਤਾ ਕਰਨਾ ਚਾਹਿਆ ਪਰ ਉੱਚ ਅਧਿਕਾਰੀਆਂ ਵੱਲੋ ਕੋਈ ਵੀ ਜਾਣਕਾਰੀ ਤੋਂ ਪਾਸਾ ਵੱਟਿਆ ਜਾ ਰਿਹਾ। ਅਸੀ ਲਗਾਤਾਰ ਵਿੱਤ ਮੰਤਰੀ ਜੀ ਤੋਂ ਮੀਟਿੰਗ ਦਾ ਸਮਾਂ ਮੰਗ ਰਹੇ ਹਾਂ ਉਹਨਾਂ ਦੇ ਦਫਤਰ ਵੱਲੋ ਵੀ ਮੀਟਿੰਗ ਦਾ ਸਮਾਂ ਨਹੀਂ ਦਿੱਤਾ ਜਾ ਰਿਹਾ । ਅਸੀ ਵਾਰ ਵਾਰ ਸਿਹਤ ਮੰਤਰੀ ਜੀ ਤੇ ਸਿਹਤ ਸੈਕਟਰੀ ਜੀ ਨੂੰ ਬੇਨਤੀ ਕੀਤੀ ਸੀ ਕਿ ਸਾਨੂੰ ਦੀਵਾਲੀ ਤੋਂ ਪਹਿਲਾ ਪਹਿਲਾ ਜੋ ਸਾਡਾ ਹੱਕ ਬਣਦਾ ਹੈ ਉਹ ਦੇ ਦਿਓ ਤਾਂਕਿ ਅਸੀ ਵੀ ਇਹ ਦੀਵਾਲੀ ਆਪਣੇ ਘਰ ਵਿੱਚ ਖੁਸ਼ੀ ਨਾਲ ਮਨਾਈਏ । ਪਰ ਇਸ ਵਾਰ ਵੀ ਸਾਡੀ ਦੀਵਾਲੀ ਰੈਲੀਆਂ ਧਰਨਿਆਂ ਦੀ ਤਿਆਰੀ ਵਿੱਚ ਲੰਘ ਗਈ ਹੈ। ਛੋਟੇ ਤੋਂ ਛੋਟੇ ਕਾਰੋਬਾਰੀ ਵੀ ਆਪਣੇ ਵਰਕਰਾਂ ਨੂੰ ਦੀਵਾਲੀ ਤੇ ਕੋਈ ਨਾ ਕੋਈ ਤੋਹਫਾ ਜਰੂਰ ਦਿੰਦੇ ਹਨ । ਪਰ ਇਸ ਖੁਸ਼ੀ ਭਰੇ ਤਿਉਹਾਰ ਮੌਕੇ ਸਿਹਤ ਮਹਿਕਮੇਂ ਵੱਲੋਂ ਸਾਡਾ ਬਣਦਾ ਹੱਕ ਵੀ ਨਹੀਂ ਦਿੱਤਾ। ਸਿਹਤ ਵਿਭਾਗ ਦੀਆਂ ਕੰਟਰੈਕਟ ਮਲਟੀਪਰਪਜ ਹੈਲਥ ਕਰਮਚਾਰਨਾ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਕੇ ਸਰਕਾਰ ਵਿਰੁੱਧ ਰੋਸ਼ ਪ੍ਰਦਰਸਨ ਕਰਾਂਗੀਆ। ਪਿਛਲੇ ਕਈ ਸਾਲਾਂ ਤੋਂ ਕਿਸੇ ਵੀ ਮੰਗ ਦਾ ਹੱਲ ਨਹੀਂ ਕੀਤਾ ਗਿਆ। ਕੰਟਰੈਕਟ ਹੈਲਥ ਵਰਕਰਾਂ ਵੱਲੋਂ ਆਪਣੀਆਂ ਬਦਲੀਆਂ ਦੀਆਂ ਅਰਜ਼ੀਆਂ ਸਿਫਾਰਸ਼ ਸਮੇਤ ਦਿੱਤੀਆਂ ਹੋਣ ਦੇ ਬਾਵਜੂਦ ਵੀ ਅਜੇ ਤੱਕ ਬਦਲੀਆਂ ਨਹੀਂ ਕੀਤੀਆਂ ਗਈਆਂ । ਕੁਝ ਉੱਚ ਅਧਿਕਾਰੀਆਂ ਵੱਲੋਂ ਆਨਲਾਈਨ ਕੰਮ ਅਤੇ ਵਾਧੂ ਸੈਂਟਰਾਂ ਦੇ ਕੰਮ ਕਰਨ ਲਈ ਕੰਟਰੈਕਟ ਹੈਲਥ ਵਰਕਰਾਂ ਤੇ ਦਬਾਅ ਬਣਾਇਆ ਜਾ ਰਿਹਾ ਹੈ। ਜਿੰਨੀ ਦੇਰ ਤੱਕ ਸਾਡੇ ਬਣਦੇ ਹੱਕ ਸਾਨੂੰ ਨਹੀਂ ਮਿਲਦੇ ਅਤੇ ਸਾਡੀਆਂ ਮੁਸ਼ਕਲਾਂ ਦਾ ਹੱਲ ਨਹੀਂ ਕੀਤਾ ਜਾਂਦਾ ਓਹਨੀਂ ਦੇਰ ਤੱਕ ਅਸੀਂ ਕੋਈ ਵੀ ਵਾਧੂ ਕੰਮ ਨਹੀਂ ਕਰਾਂਗੇ ਇਹ ਸਭ ਉੱਚ ਅਧਿਕਾਰੀਆਂ ਦੇ ਹੱਥ ਵਿੱਚ ਹੈ ਜਿੰਨੀ ਜਲਦੀ ਉਹ ਸਾਡੇ ਹੱਕ ਸਾਨੂੰ ਦੇਣਗੇ ਓਹਨੀ ਜਲਦੀ ਅਸੀ ਕੰਮ ਕਰਾਂਗੇ। ਬਿਨਾਂ ਕੁਝ ਦਿੱਤਿਆਂ ਅਸੀ ਬਿਲਕੁਲ ਵੀ ਵਾਧੂ ਕੰਮ ਨਹੀਂ ਕਰਾਂਗੇ । ਸਾਡੀ ਕਿਸੇ ਵੀ ਕੰਟਰੈਕਟ ਹੈਲਥ ਵਰਕਰ ਨੂੰ ਡਰਾਇਆ ਧਮਾਕਿਆਂ ਨਾ ਜਾਵੇ ਨਹੀਂ ਤਾਂ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ । ਅਸੀ ਪਹਿਲਾ ਹੀ ਆਪਣੇ ਸੈਂਟਰਾਂ ਤੇ ਦੋ ਦੋ ਹੈਲਥ ਵਰਕਰਾਂ ਦਾ ਕੰਮ ਕਰ ਰਹੇ ਹਾਂ ਬਿਨਾਂ ਕਿਸੇ ਵਾਧੂ ਇੰਨਸੈਂਟਿਵ ਕਰ ਰਹੇ ਹਾਂ ।ਇਸ ਕਰਕੇ ਸਾਨੂੰ ਮਜਬੂਰ ਨਾ ਕੀਤਾ ਜਾਵੇ ਕੋਰਟ ਦਾ ਰੁਖ ਅਖਤਿਆਰ ਕਰਨ ਲਈ। ਕੰਟਰੈਕਟ ਹੈਲਥ ਵਰਕਰਾਂ 26-10-25 ਦੀ ਰੈਲੀ ਵਿੱਚ ਹਰ ਜਿਲ੍ਹੇ ਵਿੱਚੋ ਵੱਡੀ ਗਿਣਤੀ ਵਿੱਚ ਹਾਜ਼ਰ ਹੋਣਗੀਆਂ।

# ਸਿੱਖ ਕੌਮ ਦੇ ਬੱਚਿਆਂ ਦੀ ਭਵਿੱਖ ਦੀਆਂ ਨੀਹਾਂ ਮਜਬੂਤ ਕਰਨ ਲਈ ਇਤਿਹਾਸਿਕ ਸਰੋਤਾਂ ਦੇ ਦਰਸ਼ਨ ਦੀਦਾਰੇ ਕਰਾਉਣਾ ਜਰੂਰੀ

## ਇਤਿਹਾਸਿਕ ਸਰੋਤਾਂ ਦੇ ਦਰਸ਼ਨ ਕਰਕੇ ਜੇ ਬੱਚੇ ਖੁਦ ਇਤਿਹਾਸ ਦੱਸਣ ਤਾਂ ਇਹ ਗੱਲ, ਸਿੱਖ ਇਤਿਹਾਸ ਬੱਚਿਆਂ ਦੇ ਦਿਮਾਗ ਦੇ ਵਿੱਚ ਘੋਲ ਕੇ ਪਾਉਣ ਦੇ ਬਰਾਬਰ




ਇਹਨਾਂ ਗੱਲਾਂ ਦਾ ਇਤਿਹਾਸ ਗਵਾਹ ਰਿਹਾ ਹੈ ਕਿ ਜਿਸ ਕੌਮ ਦੀਆਂ ਨਸਲਾਂ ਛੋਟੀ ਉਮਰ ਵਿੱਚ ਆਪਣੇ ਇਤਿਹਾਸ ਨੂੰ ਪੜਨ, ਜਾਂ ਸੁਣਨ ਉਸ ਇਤਿਹਾਸ ਦਾ ਦੁਨੀਆਂ ਤੇ ਸਦੀਵੀ ਰਹਿਣਾ ਤੈਅ ਹੀ ਮੰਨਿਆ ਜਾਂਦੈ । ਬਹੁਤ ਚੰਗੀ ਗੱਲ ਹੈ ਕਿ ਬੱਚਿਆਂ ਨੂੰ ਸਿੱਖ ਇਤਿਹਾਸ ਨਾਲ ਸਬੰਧਤ ਲੱਗਣ ਵਾਲੀਆਂ ਜਮਾਤਾਂ ਦੇ ਵਿੱਚ ਭੇਜਣਾ ਚਾਹੀਦਾ ਪਰ ਇਸ ਤੋਂ ਵੀ ਵੱਡੀ ਇੱਕ ਹੋਰ ਗੱਲ ਹੋ ਸਕਦੀ ਹੈ ਉਹ ਹੈ ਸਿੱਖ ਕੌਮ ਦੀਆਂ ਨਸਲਾਂ ਨੂੰ ਇਤਿਹਾਸਿਕ ਸਰੋਤਾਂ ਦੇ ਦਰਸ਼ਨ ਦੀਦਾਰੇ ਕਰਵਾਉਣਾ । ਫਰਕ ਹੁੰਦਾ ਇੱਕ ਇਤਿਹਾਸ ਨੂੰ ਅੱਖਾਂ ਦੇ ਸਾਹਮਣੇ ਖਿਆਲਾਂ ਦੇ ਵਿੱਚ ਲੈ ਕੇ ਆਉਣਾ , ਤੇ ਇੱਕ ਇਤਿਹਾਸ ਨੂੰ ਅੱਖਾਂ ਦੇ ਸਾਹਮਣੇ ਪ੍ਰਤੱਖ ਦੇਖਣਾ । ਸਿੱਖ ਕੌਮ ਦੀ ਪਨੀਰੀ ਜਾਂ ਸਿੱਖ ਕੌਮ ਦੀਆਂ ਨਸਲਾਂ, ਛੋਟਿਆਂ ਬੱਚਿਆਂ ਸਿੱਖ ਇਤਿਹਾਸ ਨਾਲ ਜੋੜ ਕੇ ਰੱਖਣ ਲਈ ਜਰੂਰੀ ਹੈ ਕਿ ਇਤਿਹਾਸ ਘੋਲ ਕੇ ਦਿਮਾਗ ਦੇ ਵਿੱਚ ਪਾਇਆ ਜਾ ਜਾਵੇ । ਉਹਦਾ ਸਭ ਤੋਂ ਵਧੀਆ ਤਰੀਕਾ ਹੈ ਪ੍ਰਤੱਖ ਰੂਪ ਦੇ ਵਿੱਚ ਇਤਿਹਾਸਿਕ ਸਰੋਤਾਂ ਦੇ ਸਾਹਮਣੇ ਲਿਜਾ ਕੇ ਸਿੱਖ ਕੌਮ ਦੀਆਂ ਨਸਲਾਂ ਨੂੰ ਖੜੇ ਕਰ ਦੇਣਾ, ਉਸ ਤੋਂ ਬਾਅਦ ਬੱਚਿਆਂ ਨੂੰ ਸਰੋਤਾਂ ਦੇ ਸਾਹਮਣੇ, ਇਤਿਹਾਸ ਦੱਸ ਕੇ ਦੁਬਾਰਾ ਫਿਰ ਬੱਚਿਆਂ ਦੇ ਮੂੰਹੋਂ ਇਤਿਹਾਸ ਉਸੇ ਸਥਾਨ ਤੇ ਖੜ ਕੇ ਸੁਣਿਆ ਜਾਵੇ । ਮੈਨੂੰ ਨਹੀਂ ਲੱਗਦਾ ਕਿ ਇਸ ਵਿਧੀ ਨਾਲ ਇਤਿਹਾਸ ਨਾਲ ਜੁੜਿਆ ਬੱਚਾ ਕਦੇ ਵੀ ਜਿੰਦਗੀ ਚ ਦੁਬਾਰਾ ਉਸ ਇਤਿਹਾਸ ਨੂੰ ਭੁੱਲੇਗਾ ਜਾਂ ਦਿਮਾਗ ਚੋਂ ਵਿਸਾਰੇਗਾ ।

-ਪਰਗਟ ਸਿੰਘ ਬਲਬੇੜਾ, 9022000070

# ਸ਼੍ਰੋਮਣੀ ਕਮੇਟੀ ਨੇ ਹੜ੍ਹ ਪ੍ਰਭਾਵਿਤ ਕਿਸਾਨਾਂ ਲਈ 37 ਹਜ਼ਾਰ 500 ਏਕੜ ਮਿਆਰੀ ਬੀਜ ਦੇਣ ਦਾ ਕੀਤਾ ਪ੍ਰਬੰਧ: ਐਡਵੋਕੇਟ ਧਾਮੀ



ਨਵੀਂ ਦਿੱਲੀ, 24 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ):-ਪੰਜਾਬ ਵਿਚ ਆਏ ਭਿਆਨਕ ਹੜ੍ਹਾਂ ਨੇ ਜਿਥੇ ਲੋਕਾਂ ਨੂੰ ਬੇਘਰ ਕੀਤਾ ਹੈ, ਉਥੇ ਹੀ ਕਿਸਾਨਾਂ ਦੀਆਂ ਫਸਲਾਂ ਨੂੰ ਵੀ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ। ਇਸ ਸੰਕਟਮਈ ਘੜੀ ਵਿਚ ਸਿੱਖਾਂ ਦੀ ਸਰਵਉੱਚ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੀੜਤ ਕਿਸਾਨਾਂ ਦੀ ਮੱਦਦ ਲਈ ਵੱਡੀ ਪੱਧਰ 'ਤੇ ਅੱਗੇ ਆਈ ਹੈ। ਸ਼੍ਰੋਮਣੀ ਕਮੇਟੀ ਨੇ 6 ਕਰੋੜ ਦੀ ਲਾਗਤ ਨਾਲ 37 ਹਜ਼ਾਰ 500 ਏਕੜ ਰਕਬੇ ਲਈ ਉੱਤਮ ਕਿਸਮ ਦੇ ਕਣਕ ਦੇ ਬੀਜ ਦੀ ਖਰੀਦ ਕੀਤੀ ਹੈ, ਜਿਸ ਨੂੰ ਭਲਕੇ 25 ਅਕਤੂਬਰ ਨੂੰ ਗੁਰਦੁਆਰਾ ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਤੋਂ ਵੰਡਣ ਦੀ ਸ਼ੁਰੂ ਕੀਤੀ ਜਾਵੇਗੀ। ਇਸ ਤੋਂ ਇਲਾਵਾ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਸ੍ਰੀ ਗੋਇੰਦਵਾਲ ਸਾਹਿਬ, ਗੁਰਦੁਆਰਾ ਬਾਬਾ ਬੁੱਢਾ ਜੀ ਰਮਦਾਸ, ਗੁਰਦੁਆਰਾ ਪਾਤਸ਼ਾਹੀ ਪੰਜਵੀਂ ਤੇ ਨੌਵੀਂ ਗੁਰੂ ਕਾ ਬਾਗ ਅਤੇ ਗੁਰਦੁਆਰਾ ਸ੍ਰੀ ਜਾਮਨੀ ਸਾਹਿਬ ਬਜੀਦਪੁਰ ਫਿਰੋਜ਼ਪੁਰ ਵਿਖੇ ਵੀ ਕੇਂਦਰ ਸਥਾਪਿਤ ਕੀਤੇ ਗਏ ਹਨ, ਜਿਥੇ 7500-7500 ਏਕੜ ਦੀ ਬਿਜਾਈ ਲਈ ਕਣਕ ਦੇ ਬੀਜ ਦਾ ਪ੍ਰਬੰਧ ਕੀਤਾ ਗਿਆ ਹੈ। ਇਨ੍ਹਾਂ ਸਾਰੇ ਥਾਵਾਂ ਤੋਂ ਅਗਲੇ ਦਿਨਾਂ 'ਚ ਪੀੜਤ ਕਿਸਾਨਾਂ ਨੂੰ ਬੀਜ ਵੰਡਣ ਦਾ ਕਾਰਜ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਕੀਤੇ ਫੈਸਲੇ ਅਨੁਸਾਰ 10 ਏਕੜ ਤੋਂ ਘੱਟ ਜ਼ਮੀਨ ਵਾਲੇ ਛੋਟੇ ਕਿਸਾਨਾਂ ਨੂੰ ਪ੍ਰਮਾਣਿਕ ਕਿਸਮ ਦੇ ਬੀਜ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਪਹਿਲਾਂ ਹੀ ਹੜ੍ਹਾਂ ਦੌਰਾਨ ਹਜ਼ਾਰਾਂ ਲੋਕਾਂ ਲਈ ਲੰਗਰ ਅਤੇ ਰਾਸ਼ਣ ਦੀ ਸੇਵਾ ਨਿਭਾ ਚੁੱਕੀ ਹੈ ਅਤੇ ਹਜ਼ਾਰਾਂ ਲੀਟਰ ਡੀਜ਼ਲ ਵੰਡ ਚੁੱਕੀ ਹੈ। ਇਸ ਦੇ ਨਾਲ ਹੀ ਪਾਣੀ ਵਿਚ ਘਿਰੇ ਖੇਤਰਾਂ ਵਿਚ ਮੈਡੀਕਲ ਸੇਵਾਵਾਂ ਵੀ ਕੀਤੀਆਂ ਗਈਆਂ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਗੁਰੂ ਸਾਹਿਬ ਦੀ ਕਿਰਪਾ ਨਾਲ ਸਾਡੀ ਵਚਨਬੱਧਤਾ ਹੈ ਕਿ ਲੋੜਵੰਦ ਭਰਾਵਾਂ ਨੂੰ ਕਦੀ ਵੀ ਨਿਰਾਸ਼ ਨਹੀਂ ਹੋਣ ਦੇਵਾਂਗੇ। ਸ਼੍ਰੋਮਣੀ ਕਮੇਟੀ ਵੱਲੋਂ ਇਹ ਵੀ ਐਲਾਨ ਕੀਤਾ ਗਿਆ ਕਿ ਕਿਸਾਨਾਂ ਦੇ ਜੀਵਨ ਨੂੰ ਮੁੜ ਪੱਟੜੀ 'ਤੇ ਲਿਆਉਣ ਲਈ ਲੋੜ ਅਨੁਸਾਰ ਅੱਗੇ ਵੀ ਸੇਵਾਵਾਂ ਜਾਰੀ ਰੱਖੀਆਂ ਜਾਣਗੀਆਂ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243





## ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ ਆਲ ਇੰਡੀਆ ਇੰਟਰ ਯੂਨੀਵਰਸਿਟੀ ਤੀਰਅੰਦਾਜ਼ੀ (ਲੜਕੇ ਅਤੇ ਲੜਕੀਆਂ)

# ਚੈਂਪੀਅਨਸ਼ਿਪ 2025-26 ਦਾ ਸ਼ਾਨਦਾਰ ਆਗਾਜ਼

### 168 ਯੂਨੀਵਰਸਿਟੀਆਂ ਦੇ 1400 ਤੋਂ ਵੱਧ ਖਿਡਾਰੀ 99 ਤਗਮਿਆਂ 'ਤੇ ਲਾਉਣਗੇ ਨਿਸ਼ਾਨਾ

**ਤਲਵੰਡੀ ਸਾਬੋ, 24 ਅਕਤੂਬਰ (ਗੁਰਜੰਟ ਸਿੰਘ ਨਥੇਹਾ)**- ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਨਵੇਂ ਖੇਡ ਕੰਪਲੈਕਸ ਵਿਖੇ ਆਲ ਇੰਡੀਆ ਇੰਟਰ ਯੂਨੀਵਰਸਿਟੀ ਤੀਰ ਅੰਦਾਜ਼ੀ ਲੜਕੇ ਅਤੇ ਲੜਕੀਆਂ ਦੀ ਚੈਂਪੀਅਨਸ਼ਿਪ 2025-26 ਦਾ ਸ਼ਾਨਦਾਰ ਆਗਾਜ਼

ਆਵਾਜ਼ਿ ਕੌਮ AWAZE QAUM
International Newspaper & WEB TV

ਮੁੱਖ ਮਹਿਮਾਨ ਪਦਮ ਸ਼੍ਰੀ, ਅਰਜੁਨ ਅਵਾਰਡੀ, ਓਲੰਪਿਕ ਸੋਨ ਤਗਮਾ ਜੇਤੂ ਹਰਵਿੰਦਰ ਸਿੰਘ ਧੰਜੂ ਵੱਲੋਂ ਕੀਤਾ ਗਿਆ। ਇਸ ਮੌਕੇ ਦਰੋਣਾਚਾਰਿਆ ਅਵਾਰਡੀ ਜੀਵਨਜੋਤ ਸਿੰਘ ਤੇਜਾ ਡਾਇਰੈਕਟਰ ਸਿਖਲਾਈ ਅਤੇ ਪਾਠਕ੍ਰਮ ਪੰਜਾਬ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ ਤੇ ਸਮਾਰੋਹ ਵਿੱਚ ਪ੍ਰੋ. (ਡਾ.) ਰਾਮੇਸ਼ਵਰ ਸਿੰਘ ਵਾਈਸ ਚਾਂਸਲਰ, ਡਾ. ਜਗਤਾਰ ਸਿੰਘ ਧੀਮਾਨ ਪਰੋ-ਵਾਈਸ ਚਾਂਸਲਰ, ਡਾ. ਪੀਯੂਸ਼ ਵਰਮਾ ਪਰੋ-ਵਾਈਸ ਚਾਂਸਲਰ, ਡਾ. ਹਰਜਸਪਾਲ ਸਿੰਘ ਡਾਇਰੈਕਟਰ ਕੈਂਪਸ, 'ਵਰਸਿਟੀ ਦੇ ਅਧਿਕਾਰੀ, ਵੱਖ-ਵੱਖ ਫੈਕਲਟੀਆਂ ਦੇ ਡੀਨ ਤੇ ਫੈਕਲਟੀ ਮੈਂਬਰਾਂ ਨੇ ਸ਼ਿਰਕਤ ਕੀਤੀ। ਮੁੱਖ ਮਹਿਮਾਨ ਧੰਜੂ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਖਿਡਾਰੀਆਂ ਨੂੰ ਸਮਰਪਣ ਅਤੇ ਅਨੁਸ਼ਾਸਨ ਵਿੱਚ ਖੇਡਾਂ ਦਾ ਅਭਿਆਸ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਉੱਚੀਆਂ ਪ੍ਰਾਪਤੀਆਂ ਲਈ ਸਿਹਤਮੰਦ ਹੋਣ ਦੀ ਲੋੜ ਹੈ। ਪੈਰਿਸ ਓਲੰਪਿਕ ਵਿੱਚ ਜਿੱਤੇ ਸੋਨ ਤਗਮੇ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਜੇਕਰ ਖਿਡਾਰੀ ਪੱਕਾ ਇਰਾਦਾ ਕਰ ਲਵੇ ਤਾਂ ਦੁਨੀਆਂ ਵਿੱਚ ਕੁਝ ਵੀ ਅਸੰਭਵ ਨਹੀਂ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਨਾਲ ਜੁੜਨਾ ਚਾਹੀਦਾ ਹੈ। ਵਿਸ਼ੇਸ਼ ਮਹਿਮਾਨ ਤੇਜਾ ਨੇ ਖਿਡਾਰੀਆਂ ਨੂੰ ਆਪਣੇ ਕੋਚ, ਅਤੇ ਸੀਨੀਅਰ ਖਿਡਾਰੀਆਂ ਵੱਲੋਂ ਦਿੱਤੇ ਗਏ ਨੁਕਤਿਆਂ ਦੀ ਪਾਲਣਾ ਕਰਨ ਲਈ ਕਿਹਾ। ਉਨ੍ਹਾਂ ਖਿਡਾਰੀਆਂ ਨੂੰ ਉੱਚੀਆਂ ਪ੍ਰਾਪਤੀਆਂ ਕਰਨ ਤੋਂ ਬਾਦ ਆਪਣੇ ਕੋਚ ਸਾਹਿਬਾਨਾਂ ਅਤੇ ਅਧਿਆਪਕਾਂ ਨੂੰ ਯਾਦ ਰੱਖਣ ਅਤੇ ਉਨ੍ਹਾਂ ਦਾ ਸਤਿਕਾਰ ਕਰਨ ਲਈ ਪ੍ਰੇਰਿਆ। ਵਾਈਸ ਚਾਂਸਲਰ ਡਾ. ਸਿੰਘ









ਨੇ ਆਰਚਰੀ ਐਸੋਸਿਏਸ਼ਨ ਆਫ਼ ਇੰਡੀਆ ਦੇ ਅਧਿਕਾਰੀਆਂ, ਵਰਸਿਟੀ ਪ੍ਰਬੰਧਕਾਂ, ਡਾਇਰੈਕਟੋਰੇਟ ਆਫ਼ ਸਪੋਰਟਸ ਅਤੇ ਸਮੂਹ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਮੇਜ਼ਬਾਨ ਵਰਸਿਟੀ ਚੈਂਪੀਅਨਸ਼ਿਪ ਦੇ ਨਿਰਪੱਖ, ਸ਼ਾਨਦਾਰ ਅਤੇ ਸਮੇਂਬੱਧ ਆਯੋਜਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਖੇਡਾਂ ਵਿੱਚ ਵਰਸਿਟੀ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਚੈਂਪੀਅਨਸ਼ਿਪ ਵਿੱਚ ਸਮੂਹ ਖਿਡਾਰੀ ਅਤੇ ਅਧਿਕਾਰੀ ਖੇਡ ਭਾਵਨਾ ਦਾ ਪ੍ਰਗਟਾਵਾ ਕਰਨਗੇ। ਡਾ. ਧੀਮਾਨ ਨੇ ਆਪਣੇ ਧੰਨਵਾਦੀ ਭਾਸ਼ਣ ਵਿੱਚ ਖਿਡਾਰੀਆਂ ਨੂੰ ਆਪਣੇ ਟੀਚੇ ਹੋਰ ਉੱਚੇ ਕਰਨ ਲਈ ਕਿਹਾ। ਉਨ੍ਹਾਂ ਦੱਸਿਆ ਕਿ ਅਰਜੁਣ ਵਰਗੀ ਟੀਚਾ ਕੇਂਦਰਿਤ ਲਗਨ ਅਪਣਾਉਣ ਨਾਲ ਹਰ ਮੰਜ਼ਿਲ ਫਤਿਹ ਕੀਤੀ ਜਾ ਸਕਦੀ ਹੈ। ਉਨ੍ਹਾਂ ਚੈਂਪੀਅਨਸ਼ਿਪ ਵਿੱਚ ਹਿੱਸਾ ਲੈ ਰਹੇ ਸਮੂਹ ਵਿਦਿਆਰਥੀਆਂ ਨੂੰ ਸ਼ੁੱਭ ਕਾਮਨਾਵਾਂ ਭੇਂਟ ਕੀਤੀਆਂ। ਡਾ. ਰਾਜ ਕੁਮਾਰ ਸ਼ਰਮਾ ਡਾਇਰੈਕਟਰ ਸਪੋਰਟਸ ਨੇ ਆਪਣੇ ਸਵਾਗਤੀ ਭਾਸ਼ਣ ਵਿੱਚ ਦੱਸਿਆ ਕਿ ਚੈਂਪੀਅਨਸ਼ਿਪ ਵਿੱਚ ਭਾਰਤ ਦੀਆਂ 168 ਯੂਨੀਵਰਸਿਟੀਆਂ ਦੇ 1400 ਤੋਂ ਵੱਧ ਤੀਰਅੰਦਾਜ਼ ਆਪਣੀ ਕਿਸਮਤ ਅਜਮਾ ਰਹੇ ਹਨ। ਉਨ੍ਹਾਂ ਦੱਸਿਆ ਕਿ ਅੱਠ ਦਿਨ ਚੱਲਣ ਵਾਲੀ ਚੈਂਪੀਅਨਸ਼ਿਪ ਵਿੱਚ ਕਈ ਓਲੰਪੀਅਨ, ਵਿਸ਼ਵ ਚੈਂਪੀਅਨਸ਼ਿਪ ਜੇਤੂ ਅਤੇ ਏਸ਼ੀਅਨ ਖੇਡਾਂ ਦੇ ਤਗਮਾ ਜੇਤੂ ਖਿਡਾਰੀ ਹਿੱਸਾ ਲੈ ਰਹੇ ਹਨ। ਚੈਂਪੀਅਨਸ਼ਿਪ ਦੇ ਆਗਾਜ਼ ਮੌਕੇ ਮਸ਼ਾਲ ਸਮਾਰੋਹ ਵਿੱਚ ਖੁਸ਼ਹਾਲ ਦਲਾਲ ਵਿਸ਼ਵ ਯੂਨੀਵਰਸਿਟੀ ਸੋਨ ਤਗਮਾ ਜੇਤੂ, ਅਦਿੱਤੀ ਗੋਪੀ ਚੰਦ ਸਵਾਮੀ ਅਰਜੁਨ ਅਵਾਰਡੀ, ਓਜਸ ਪਰਵੀਨ ਅਰਜੁਨ ਅਵਾਰਡੀ ਅਤੇ ਭਜਨ ਕੋਰ ਓਲੰਪਿਅਨ ਮਸ਼ਾਲ ਨੂੰ ਲੈ ਕੇ ਦੌੜੇ। ਡਾ. ਕੰਵਲਜੀਤ ਕੌਰ ਡਾਇਰੈਕਟਰ ਯੂਥ ਅਫੇਅਰ ਅਤੇ ਕਲਚਰਲ ਦੇ ਨਿਰਦੇਸ਼ਨ ਹੇਠ ਪੇਸ਼ ਕੀਤੇ ਗਏ ਪੰਜਾਬੀ ਲੋਕ ਨਾਚ ਭੰਗੜੇ ਅਤੇ ਗਿੱਧੇ ਨੇ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ।

ਧੰਨ ਧੰਨ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਸ੍ਰ ਜਸਵੰਤ ਸਿੰਘ ਅਲਗੋਂ ਕੋਠੀ ਵਾਲਿਆਂ ਦੇ ਗ੍ਰਹਿ ਵਿਖੇ

# ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕਰਕੇ ਮਨਾਇਆ ਗਿਆ





(ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ) ਚੌਥੇ ਪਾਤਸ਼ਾਹ ਸੋਢੀ ਸੁਲਤਾਨ ,ਚੌਥੇ ਨਾਨਕ ਨੂਰ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਸਰਦਾਰ ਜਸਵੰਤ ਸਿੰਘ ਜੀ ਸਪੁੱਤਰ ਸ੍ਰ ਗੁਲਜ਼ਾਰ ਸਿੰਘ ਅਲਗੋਂ ਕੋਠੀ ਵਾਲਿਆਂ ਦੇ ਗ੍ਰਹਿ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕਰਾ ਕੇ ਮਨਾਇਆ ਗਿਆ। ਸ੍ਰੀ ਜਪੁਜੀ ਸਾਹਿਬ ਜੀ ਦੇ ਜਾਪ, ਚੌਪਈ ਸਾਹਿਬ ,ਅਨੰਦ ਸਾਹਿਬ ਜੀ ਅਤੇ ਹੋਰ ਬੇਅੰਤ ਬਾਣੀਆਂ ਦੇ ਜਾਪ ਕੀਤੇ ਗਏ ।ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ ਗਈ। ਇੰਟਰਨੈਸ਼ਨਲ ਪੰਥਕ ਦਲ ਦੇ ਚੀਫ ਐਡਵਾਈਜ਼ਰ ਪੰਜਾਬ ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲਿਆਂ ਨੇ ਹਾਜਰੀ ਭਰੀ ਅਤੇ ਗੁਰੂ ਸਾਹਿਬ ਜੀ ਦੇ ਜੀਵਨੀ ਤੇ ਚਾਨਣਾ ਪਾਇਆ। ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ ਅੰਮ੍ਰਿਤ ਛਕਣ ਕੇ ਗੁਰੂ ਵਾਲੇ ਬਣਨ ਲਈ ਪ੍ਰੇਰਿਤ ਕੀਤਾ। ਬਹੁਤ ਸਾਰੀਆਂ ਸੰਗਤਾਂ ਨੇ ਹਾਜਰੀ ਭਰੀ ।ਆਈਆਂ ਸੰਗਤਾਂ ਵਾਸਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ। ਸਰਦਾਰ ਜਸਵੰਤ ਸਿੰਘ ਜੀ ਵੱਲੋਂ ਪਹੁੰਚੇ ਪਤਵੰਤਿਆਂ ਦਾ ਸਿਰਪਾਉ ਦੇ ਕੇ ਸਨਮਾਨ ਕੀਤਾ ਗਿਆ ਅਤੇ ਜੀ ਆਇਆ ਕਿਹਾ ।ਇਸ ਮੌਕੇ ਡਾਕਟਰ ਅੰਗਰੇਜ਼ ਸਿੰਘ ਮੰਗੋਲ ਮੌਜੂਦਾ ਸਰਪੰਚ, ਸ੍ਰ ਕਰਨੈਲ ਸਿੰਘ , ਸ੍ਰ ਹਰਪਾਲ ਸਿੰਘ, ਸ੍ਰ ਸਤਪਾਲ ਸਿੰਘ ਅਲਗੋ ਖੁਰਦ, ਬਾਬਾ ਜਰਨੈਲ ਸਿੰਘ, ਡਾਕਟਰ ਜੈ ਸਿੰਘ, ਸੂਰਜ ਸਿੰਘ, ਸੰਦੀਪ ਸਿੰਘ, ਸ੍ਰ ਬਲਜੀਤ ਸਿੰਘ ਮੰਗੋਲ ਸਾਬਕਾ ਸਰਪੰਚ ਅਤੇ ਹੋਰ ਬੇਅੰਤ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

**ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲਿਆਂ ਨੇ ਸਮੂਹ ਸੰਗਤਾਂ ਨੂੰ ਨਾਮ ਬਾਣੀ ਨਾਲ ਜੋੜਿਆ ਅਤੇ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣਨ ਲਈ ਪ੍ਰੇਰਿਤ ਕੀਤਾ**

# ਹਰ ਸ਼ੁਕਰਵਾਰ ਡੈਂਗੂ ਤੇ ਵਾਰ -ਐਸ ਆਈ ਅਸ਼ੋਕ ਕੁਮਾਰ

**ਧੂਰੀ (ਰਣਜੀਤ ਸਿੰਘ ਪੇਧਨੀ )**-ਸਿਵਲ ਸਰਜਨ ਸੰਗਰੂਰ ਡਾਕਟਰ ਅਮਰਜੀਤ ਕੌਰ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਜਿਲਾਂ ਐਪੀਡੀਮੋਲੋਜਿਸਟ ਡਾਕਟਰ ਉਪਾਸਨਾ ਬਿੰਦਰਾਂ ਜੀ ਅਤੇ ਡਾਕਟਰ ਰਮਨਦੀਪ ਕੌਰ ਜੀ ਅਤੇ ਐਸ ਐਮ ਓ ਜਸਦੀਪ ਸਿੰਘ ਜੀ ਦੀ ਯੋਗ ਅਗਵਾਈ ਅਤੇ ਅਸ਼ੋਕ ਕੁਮਾਰ ਐਸ ਆਈ ਅਤੇ ਗੁਰਜੰਟ ਸਿੰਘ ਐਸ ਆਈ ਦੀ ਸੁਪਰਵੀਜਨ ਵਿੱਚ ਸੈਕਟਰ ਕਾਂਝਲਾ ਆਧੀਨ ਪਿੰਡ ਕਾਝਲਾ ਵਿਖੇ ਘਰ ਘਰ ਜਾ ਕੇ ਡ੍ਰਾਈ ਡੇ ਐਕਟੀਵਿਟੀ ਕੀਤੀ ਗਈ। ਜਿਸ ਦੌਰਾਨ ਅਸ਼ੋਕ ਕੁਮਾਰ ,ਗੁਰਜੰਟ ਸਿੰਘ ਆਈ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਡੈਂਗੂ ਇੱਕ ਵਾਇਰਲ ਬੁਖਾਰ ਹੈ ਜੋ ਏਡੀਜ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਇਹ ਮੱਛਰ ਹਮੇਸ਼ਾ ਸਾਫ਼ ਅਤੇ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ।ਇਹ ਮੱਛਰ ਕੂਲਰ ਦੇ ਪਾਣੀ ਵਿੱਚ ਅਤੇ ਫਰਿੱਜਾਂ ਪਿੱਛੇ ਲੱਗੀਆਂ ਟਰੇਆਂ ,ਗਮਲਿਆਂ ,ਕੰਨਟੇਨਰਾ ,ਖੈਲਾ ਛੱਤ ਤੇ ਪਏ ਕਬਾੜ ਟਾਇਰਾਂ ਆਦਿ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ਇਸ ਲਈ ਸਾਨੂੰ ਇੱਕ ਹਫਤੇ ਤੋਂ ਪਹਿਲਾਂ ਪਹਿਲਾਂ ਇਹਨਾਂ ਬਰਤਨਾਂ ਵਿੱਚਲਾ ਪਾਣੀ ਬਦਲ ਦੇਣਾ ਚਾਹੀਦਾ ਹੈ ਅਤੇ ਬਰਤਨਾਂ ਨੂੰ ਪੂਰੀ ਤਰ੍ਹਾਂ ਸਾਫ਼ ਕਰ ਕੇ ਚੰਗੀ ਤਰ੍ਹਾਂ ਸੁੱਕਾ ਕੇ ਫਿਰ ਪਾਣੀ ਪਾਇਆ ਜਾਵੇ ਇਹ ਮੱਛਰ ਸਵੇਰੇ ਸ਼ਾਮ ਕੱਟਦਾ ਹੈ ਇਸ ਲਈ ਸਵੇਰੇ ਸ਼ਾਮ ਪੂਰੇ ਕੱਪੜੇ ਪਹਿਨਣੇ ਚਾਹੀਦੇ ਹਨ ਜੇ ਕਰ ਕਿਸੇ ਵਿਆਕਤੀ ਨੂੰ ਤੇਜ਼ ਸਿਰ ਦਰਦ ਅਤੇ ਤੇਜ਼ ਬੁਖਾਰ,ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ,ਮਾਸ ਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ,ਜੀ ਕੱਚਾ ਹੋਣਾ ਅਤੇ ਉਲਟੀਆਂ,ਹਾਲਤ ਖ਼ਰਾਬ ਹੋਣ ਤੇ ਨੱਕ,ਮੂੰਹ ਅਤੇ ਮਸੂੜਿਆਂ ਵਿੱਚੋਂ ਖ਼ੂਨ ਵੱਗਣਾ ਆਦਿ ਤਾਂ ਸਾਨੂੰ ਡੈਂਗੂ ਹੋਣ ਦੀਆਂ ਸੰਭਾਨਾਵਾਂ ਹੋ ਸਕਦੀਆਂ ਹਨ ਇਹਨਾਂ ਹਾਲਤਾਂ ਵਿੱਚ ਮਰੀਜ਼ ਨੂੰ ਵੱਧ ਤੋਂ ਵੱਧ ਤਰਲ ਪਦਾਰਥ ਦੇਣੇ ਚਾਹੀਦੇ ਹਨ ਅਤੇ ਮਰੀਜ਼ ਨੂੰ ਵੱਧ ਤੋਂ ਵੱਧ ਆਰਾਮ ਕਰਨਾ ਚਾਹੀਦਾ ਹੈ ਅਤੇ ਮਰੀਜ ਦੇ ਖਾਣਾ ਹਲਕਾ ਦੇਣਾ ਚਾਹੀਦਾ ਹੈ ਜੇ ਕਰ ਮਰੀਜ਼ ਦੀ ਹਾਲਤ ਖ਼ਰਾਬ ਲੱਗੇ ਤਾਂ ਮਰੀਜ਼ ਨੂੰ ਨੇੜੇ ਦੇ ਸਿਹਤ ਕੇਂਦਰ ਨਾਲ ਸੰਪਰਕ ਕਰਨਾ ਚਾਹੁੰਦਾ ਹੈ ।ਸਾਰੇ ਸਰਕਾਰੀ ਹਸਪਤਾਲਾਂ ਵਿੱਚ ਡੈਗੂ ਦਾ ਟੈਸਟ ਅਤੇ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ । ਟੀਮ ਮੈਂਬਰ ਅੰਜੂ ਬਾਲਾ ਐਲ ਐਚ ਵੀ ਪਰਮਿੰਦਰ ਕੌਰ ਤੇ ਗੁਰਪ੍ਰੀਤ ਸਿੰਘ ਮ,ਪ,ਹ,ਵ (ਮ) ਹਾਜ਼ਰ ਸਨ।



ਆਵਾਜ਼ਿ ਕੌਮ AWAZE QAUM International Newspaper & WEB TV

# ਪਰਾਲੀ ਪ੍ਰਬੰਧਨ ਬਾਰੇ ਤਲਵੰਡੀ ਸਾਬੋ ਵਿਖੇ ਜਾਗਰੂਕਤਾ ਕੈਂਪ ਲਗਾਇਆ

## ਪਰਾਲੀ ਨੂੰ ਖੇਤ ਵਿੱਚ ਸਾਂਭਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਹੁੰਦਾ ਵਾਧਾ- ਪੂਨਮ ਸਿੰਘ



**ਤਲਵੰਡੀ ਸਾਬੋ, 24 ਅਕਤੂਬਰ (ਗੁਰਜੰਟ ਸਿੰਘ ਨਥੇਹਾ)**- ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਦੇ ਦਿਸ਼ਾ-ਨਿਰਦੇਸ਼ਾ ਅਨੁਸਾਰ ਝੋਨੇ ਦੀ ਪਰਾਲੀ ਦੇ ਸੁਚੱਜੇ ਪ੍ਰਬੰਧਨ ਸੰਬੰਧੀ ਕਿਸਾਨ ਜਾਗਰੂਕਤਾ ਕੈਂਪ ਤਲਵੰਡੀ ਸਾਬੋ ਵਿਖੇ ਲਗਾਇਆ ਗਿਆ। ਇਸ ਕੈਂਪ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮੈਡਮ ਪੂਨਮ ਸਿੰਘ ਨੇ ਦੱਸਿਆ ਕਿ ਇਸ ਕੈਂਪ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਜਾਗਰੂਕ ਕਰਨਾ ਅਤੇ ਪਰਾਲੀ ਪ੍ਰਬੰਧਨ ਸਬੰਧੀ ਨਵੀਆਂ ਤਕਨੀਕਾਂ ਦੀ ਜਾਣਕਾਰੀ ਦੇਣ ਦੇ ਨਾਲ-ਨਾਲ ਪਰਾਲੀ ਪ੍ਰਬੰਧਨ ਸਬੰਧੀ ਕਿਸਾਨਾਂ ਦੇ ਸ਼ੰਕੇ ਦੂਰ ਕਰਨਾ ਸੀ। ਵਧੀਕ ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਪਰਾਲੀ ਨੂੰ ਖੇਤ ਵਿੱਚ ਸਾਂਭਣ ਦੇ ਫਾਇਦਿਆਂ ਬਾਰੇ ਵੀ ਜਾਣਕਾਰੀ ਦਿੱਤੀ। ਉਹਨਾਂ ਕਿਸਾਨਾਂ ਨੂੰ ਝੋਨੇ ਦੀ ਕਟਾਈ ਐਸ.ਐਮ.ਐਸ ਵਾਲੀ ਕੰਬਾਈਨ ਤੋਂ ਕਰਵਾਉਣ ਲਈ ਵੀ ਪ੍ਰੇਰਿਤ ਕੀਤਾ ਤਾਂ ਜੋ ਝੋਨੇ ਦੀ ਪਰਾਲੀ ਵਿੱਚ ਪਰਾਲੀ ਪ੍ਰਬੰਧਨ ਵਾਲੀਆਂ ਮਸ਼ੀਨਾਂ ਵਧੀਆ ਅਤੇ ਸੁਚਾਰੂ ਢੰਗ ਨਾਲ ਚੱਲ ਸਕਣ ।ਵਧੀਕ ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਝੋਨੇ ਦੀ ਪਰਾਲੀ ਦੀ ਸੁਚੱਜੀ ਸਾਂਭ-ਸੰਭਾਲ ਲਈ ਵਰਤੀਆਂ ਜਾਣ ਵਾਲੀਆਂ ਮਸ਼ੀਨਾਂ ਜਿਵੇਂ ਕਿ ਸਟਰਾਅ ਰੇਕ, ਬੇਲਰ, ਸੁਪਰ ਐਸ.ਐਮ.ਐਸ, ਮਲਚਰ, ਪੈਡੀ ਸਟਰਾਅ ਚੌਂਪਰ, ਉਲਟਾਵੇ ਹਲ, ਹੈਪੀ ਸੀਡਰ, ਸੁਪਰ ਸੀਡਰ, ਸਮਾਰਟ ਸੀਡਰ, ਅਤੇ ਸਰਫੇਸ ਸੀਡਰ ਆਦਿ ਦੀ ਵਰਤੋਂ ਕਰਨ ਨੂੰ ਤਰਜੀਹ ਦੇਣ। ਇਸ ਦੌਰਾਨ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੇ ਕਿਸਾਨਾਂ ਨੂੰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਵਿਕਸਿਤ ਸਰਫੇਸ ਸੀਡਰ ਤਕਨੀਕ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਇਸ ਤਕਨੀਕ ਦੀ ਵਰਤੋਂ ਨਾਲ ਬਹੁਤ ਘੱਟ ਖਰਚ ਵਿੱਚ ਪਰਾਲੀ ਦੀ ਸੰਭਾਲ ਕਰਕੇ ਕਣਕ ਦੀ ਬਿਜਾਈ ਕੀਤੀ ਜਾ ਸਕਦੀ ਹੈ। ਇਸ ਵਿਧੀ ਨਾਲ ਬੀਜੀ ਕਣਕ ਵਿੱਚ ਨਦੀਨ ਬਹੁਤ ਘੱਟ ਉੱਗਦੇ ਹਨ ਅਤੇ ਇਹ ਕਣਕ ਡਿੱਗਦੀ ਵੀ ਨਹੀਂ। ਉਹਨਾਂ ਕਿਸਾਨਾਂ ਨਾਲ ਕਣਕ ਵਿੱਚ ਨਦੀਨ ਪ੍ਰਬੰਧਨ ਅਤੇ ਖਾਦਾਂ ਦੀ ਸਹੀ ਵਰਤੋਂ ਸੰਬੰਧੀ ਜਾਣਕਾਰੀ ਸਾਂਝੀ ਕੀਤੀ। ਉਹਨਾਂ ਕਿਸਾਨਾਂ ਨੂੰ ਕਣਕ ਦੀ ਬਿਜਾਈ ਮੌਕੇ, ਪਹਿਲੀ ਸਿੰਚਾਈ ਤੋਂ ਪਹਿਲਾਂ ਅਤੇ ਪਹਿਲੀ ਸਿੰਚਾਈ ਤੋਂ ਬਾਅਦ ਵਿੱਚ ਵਰਤੇ ਜਾਣ ਵਾਲੇ ਨਦੀਨਨਾਸ਼ਕਾਂ ਬਾਰੇ ਵੀ ਬਾਰੀਕੀ ਵਿੱਚ ਦੱਸਿਆ। ਇਸ ਤੋਂ ਇਲਾਵਾ ਉਹਨਾਂ ਨੇ ਕਣਕ ਦੀ ਫਸਲ ਵਿੱਚ ਆਉਣ ਵਾਲੇ ਲਘੂ ਤੱਤਾਂ ਦੀ ਘਾਟ ਅਤੇ ਇਹਨਾਂ ਦੀ ਪੂਰਤੀ ਸੰਬੰਧੀ ਵੀ ਜਾਣਕਾਰੀ ਦਿੱਤੀ। ਇਸ ਮੌਕੇ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਅਤੇ ਕਿਸਾਨ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# 'ਚਰਨ ਸੁਹਾਵੇ ਗੁਰ ਚਰਨ ਯਾਤਰਾ' : ਫਰੀਦਾਬਾਦ ਤੋਂ ਆਗਰਾ ਲਈ ਰਵਾਨਾ



**ਨਵੀਂ ਦਿੱਲੀ, 24 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ)**:- ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੇ "ਜੋੜਾ ਸਾਹਿਬ" ਨੂੰ ਲੈ ਕੇ "ਚਰਨ ਸੁਹਾਵੇ ਗੁਰ ਚਰਨ ਯਾਤਰਾ" ਅੱਜ ਸਵੇਰੇ ਫਰੀਦਾਬਾਦ ਤੋਂ ਆਗਰਾ ਲਈ ਰਵਾਨਾ ਹੋਈ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਜਲੂਸ ਵਿੱਚ ਸ਼ਿਰਕਤ ਕੀਤੀ। ਤਖ਼ਤ ਪਟਨਾ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ ਸੋਹੀ, ਇਮਪ੍ਰੀਤ ਸਿੰਘ ਬਖਸ਼ੀ ਅਤੇ ਯਾਤਰਾ ਕੋਆਰਡੀਨੇਟਰ ਜਸਬੀਰ ਸਿੰਘ ਧਾਮ ਵੀ ਇਸ ਮੌਕੇ ਮੌਜੂਦ ਸਨ। ਤਖ਼ਤ ਪਟਨਾ ਸਾਹਿਬ ਕਮੇਟੀ ਦੇ ਮੀਡੀਆ ਇੰਚਾਰਜ ਸੁਦੀਪ ਸਿੰਘ ਨੇ ਦੱਸਿਆ ਕਿ ਗੁਰੂ ਚਰਨ ਸੁਹਾਵੇ ਯਾਤਰਾ ਕੱਲ੍ਹ ਦਿੱਲੀ ਦੇ ਗੁਰਦੁਆਰਾ ਮੋਤੀ ਬਾਗ ਤੋਂ ਰਵਾਨਾ ਹੋਈ ਅਤੇ ਕੱਲ੍ਹ ਦੇਰ ਰਾਤ ਫਰੀਦਾਬਾਦ ਪਹੁੰਚੀ, ਜਿੱਥੇ ਇਸਨੇ ਰਾਤ ਲਈ ਆਰਾਮ ਕੀਤਾ। ਅੱਜ ਸਵੇਰੇ, ਯਾਤਰਾ ਆਪਣੇ ਅਗਲੇ ਪੜਾਅ ਆਗਰਾ ਲਈ ਰਵਾਨਾ ਹੋਈ। ਉਨ੍ਹਾਂ ਦੱਸਿਆ ਕਿ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਸਵੇਰੇ ਪਹਿਲੀ ਅਰਦਾਸ ਵਿੱਚ ਸ਼ਾਮਲ ਹੋਏ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੇ ਨਾਲ ਆਗਰਾ ਲਈ ਯਾਤਰਾ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਸਰਦਾਰ ਸੁਦੀਪ ਸਿੰਘ ਨੇ ਦੱਸਿਆ ਕਿ ਸੰਗਤ ਨੇ ਗੁਰਦੁਆਰਾ ਮੋਤੀ ਬਾਗ ਸਾਹਿਬ ਤੋਂ ਫਰੀਦਾਬਾਦ ਤੱਕ ਦੇ ਸਾਰੇ ਰਸਤੇ 'ਤੇ ਯਾਤਰਾ ਦਾ ਸ਼ਾਨਦਾਰ ਸਵਾਗਤ ਕੀਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਸਾਹਿਬ ਕੌਰ ਜੀ ਦੇ ਜੋੜਾ ਸਾਹਿਬ ਦੇ ਦਰਸ਼ਨ ਕਰਕੇ ਗੁਰੂ ਮਹਾਰਾਜ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਉਨ੍ਹਾਂ ਦੱਸਿਆ ਕਿ ਯਾਤਰਾ ਅੱਜ ਰਾਤ ਮਥੁਰਾ ਰਾਹੀਂ ਆਗਰਾ ਪਹੁੰਚੇਗੀ, ਜਿੱਥੇ ਗੁਰਦੁਆਰਾ ਗੁਰੂ ਕਾ ਤਾਲ ਵਿਖੇ ਰਾਤ ਠਹਿਰਨ ਦਾ ਪ੍ਰਬੰਧ ਕੀਤਾ ਗਿਆ ਹੈ। ਯਾਤਰਾ 25 ਅਕਤੂਬਰ ਨੂੰ ਆਗਰਾ ਤੋਂ ਰਵਾਨਾ ਹੋਵੇਗੀ, 26 ਨੂੰ ਬਰੇਲੀ ਤੋਂ ਮਹਾਂਨਗਰਪੁਰ, 27 ਨੂੰ ਲਖਨਊ, 28 ਨੂੰ ਕਾਨਪੁਰ, 29 ਨੂੰ ਪ੍ਰਯਾਗਰਾਜ, 30 ਨੂੰ ਵਾਰਾਣਸੀ ਤੋਂ ਸਾਸਾਰਾਮ ਹੋਵੇਗੀ ਅਤੇ 31 ਅਕਤੂਬਰ ਨੂੰ ਗੁਰਦੁਆਰਾ ਗੁਰੂ ਕਾ ਬਾਗ ਹੁੰਦੀ ਹੋਈ 1 ਨਵੰਬਰ ਦੀ ਸਵੇਰ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਪਹੁੰਚੇਗੀ।

ਆਵਾਜ਼ਿ ਕੌਮ AWAZE QAUM International Newspaper & WEB TV

### ਅਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਗੀਤਾ ਕਾਲੋਨੀ ਦਿੱਲੀ ਤੋਂ

# ਅਗਲੇ ਪੜਾਅ ਗੁਰਦੁਆਰਾ ਨਾਨਕ ਪਿਆਓ ਸਾਹਿਬ ਦਿੱਲੀ ਲਈ ਰਵਾਨਾ



**ਨਵੀਂ ਦਿੱਲੀ, 24 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ)**:- ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਸਾਕੇ ਦੀ 350 ਸਾਲਾ ਸ਼ਤਾਬਦੀ ਦੇ ਸਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਅੱਜ ਗੁਰਦੁਆਰਾ ਡੇਰਾ ਬਾਬਾ ਕਰਮ ਸਿੰਘ ਗੀਤਾ ਕਾਲੋਨੀ ਦਿੱਲੀ ਤੋਂ ਅਗਲੇ ਪੜਾਅ ਗੁਰਦੁਆਰਾ ਨਾਨਕ ਪਿਆਓ ਸਾਹਿਬ ਦਿੱਲੀ ਲਈ ਰਵਾਨਾ ਹੋਇਆ। ਨਗਰ ਕੀਰਤਨ ਦੀ ਰਵਾਨਗੀ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਸਜੇ ਧਾਰਮਿਕ ਦੀਵਾਨ 'ਚ ਸ੍ਰੀ ਦਰਬਾਰ ਸਾਹਿਬ ਦੇ ਹਜੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦੇ ਇਤਿਹਾਸ ਨੂੰ ਸੰਗਤਾਂ ਨਾਲ ਸਾਂਝਾ ਕੀਤਾ। ਉਨ੍ਹਾਂ ਸੰਗਤਾਂ ਨੂੰ ਸ਼ਹੀਦੀ ਸ਼ਤਾਬਦੀ ਦੇ ਸਮਾਗਮਾਂ ਸਮੇਂ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦੀ ਪ੍ਰੇਰਣਾ ਵੀ ਕੀਤੀ। ਨਗਰ ਕੀਰਤਨ ਦੀ ਰਵਾਨਗੀ ਮੌਕੇ ਗੁਰਦੁਆਰਾ ਡੇਰਾ ਬਾਬਾ ਕਰਮ ਸਿੰਘ ਦੇ ਮੁੱਖ ਸੇਵਾਦਾਰ ਬਾਬਾ ਅਮਰਦੀਪ ਸਿੰਘ ਨੇ ਪੰਜ ਪਿਆਰੇ ਸਾਹਿਬਾਨ ਅਤੇ ਹਾਜ਼ਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦਿੱਤੇ। ਨਗਰ ਕੀਰਤਨ ਗੁਰਦੁਆਰਾ ਡੇਰਾ ਬਾਬਾ ਕਰਮ ਸਿੰਘ ਤੋਂ ਚੱਲ ਕੇ ਗੁਰਦੁਆਰਾ ਸ਼ਹੀਦ ਕੁਰੰਜਾ, ਸ਼ੀਲਮਪੁਰ, ਲੋਨੀ ਰੋਡ, ਭਜਨਪੁਰਾ, ਵਜੀਰਾਬਾਦ ਤੋਂ ਹੁੰਦਾ ਹੋਇਆ ਗੁਰਦੁਆਰਾ ਨਾਨਕ ਪਿਆਓ ਸਾਹਿਬ ਵਿਖੇ ਪੁੱਜਾ। ਰਸਤੇ ਵਿਚ ਵੱਖ-ਵੱਖ ਪੜਾਵਾਂ 'ਤੇ ਸੰਗਤਾਂ ਨੇ ਸ਼ਰਧਾ ਨਾਲ ਨਗਰ ਕੀਰਤਨ ਦਾ ਭਰਵਾਂ ਸਵਾਗਤ ਕੀਤਾ। ਇਸ ਮੌਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਤੇ ਸ. ਮਨਜੀਤ ਸਿੰਘ ਜੀਕੇ, ਸ਼੍ਰੋਮਣੀ ਕਮੇਟੀ ਮੈਂਬਰ ਸ. ਗੁਰਮਿੰਦਰ ਸਿੰਘ ਮਠਾਰੂ, ਸ. ਹਰਮਨਜੀਤ ਸਿੰਘ, ਮੀਤ ਸਕੱਤਰ ਸ. ਸੁਖਬੀਰ ਸਿੰਘ, ਵਧੀਕ ਮੈਨੇਜਰ ਸ. ਜਸਬੀਰ ਸਿੰਘ, ਸ. ਕੁਲਵੰਤ ਸਿੰਘ ਬਾਠ, ਸ. ਗੁਰਚਰਨ ਸਿੰਘ, ਸ. ਕਰਤਾਰ ਸਿੰਘ ਚਾਵਲਾ, ਸ. ਜਤਿੰਦਰ ਸਿੰਘ ਸੋਨੂੰ, ਸ. ਕੁਲਵਿੰਦਰ ਸਿੰਘ, ਸ. ਤਰਜੀਤ ਸਿੰਘ ਨਾਗੀ, ਸ. ਹਰਭਜਨ ਸਿੰਘ ਭੱਲਾ, ਸ. ਗੁਰਮੀਤ ਸਿੰਘ ਕੋਹਲੀ, ਸ. ਹਰਦੀਪ ਸਿੰਘ, ਸ. ਗਗਨਦੀਪ ਸਿੰਘ, ਸ. ਮਹਿੰਦਰ ਸਿੰਘ, ਸ. ਜਗਜੀਤ ਸਿੰਘ, ਸ. ਹਰਵਿੰਦਰ ਸਿੰਘ ਕਬੂਲਨਗਰ, ਸ. ਇਕਬਾਲ ਸਿੰਘ ਮੰਡੋਲੀ, ਸ. ਅਮਰਪ੍ਰੀਤ ਸਿੰਘ ਸੰਨੀ, ਬੀਬੀ ਜਸਬੀਰ ਕੌਰ, ਸ. ਪ੍ਰਨੀਤ ਸਿੰਘ ਰੇਖੀ, ਸ. ਇੰਦਰਪਾਲ ਸਿੰਘ, ਸ. ਕਰਮਜੀਤ ਸਿੰਘ, ਸ. ਅਮਨ ਸਿੰਘ ਭਾਟੀਆ, ਸੁਪਰਵਾਈਜ਼ਰ ਸ. ਦਰਸ਼ਨ ਸਿੰਘ, ਸ. ਭੁਪਿੰਦਰ ਸਿੰਘ, ਸ. ਮੋਹਨਦੀਪ ਸਿੰਘ, ਸ. ਮਿਲਖਾ ਸਿੰਘ, ਸ. ਹਰਪ੍ਰੀਤ ਸਿੰਘ ਜੰਡਿਆਲਾ, ਮੀਤ ਮੈਨੇਜਰ ਸ. ਅਮਰਜੀਤ ਸਿੰਘ, ਸ. ਜਗਦੀਪ ਸਿੰਘ ਮਾਛੀਨੰਗਲ, ਸਿੱਖ ਮਿਸ਼ਨ ਦਿੱਲੀ ਦੇ ਇੰਚਾਰਜ ਸ. ਮਨਵੀਤ ਸਿੰਘ, ਸ. ਜਸਬੀਰ ਸਿੰਘ ਜੱਸੀ, ਸ. ਸਰਬਜੀਤ ਸਿੰਘ ਰਮਦਾਸ, ਪ੍ਰਚਾਰਕ ਭਾਈ ਪ੍ਰਭ ਸਿੰਘ ਸਮੇਤ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

### ਦੁਬਈ ਦੇ ਸਵਾਮੀ ਨਰਾਇਣ ਮੰਦਰ ਦੇ ਦਰਵਾਜ਼ੇ ਸਭ ਹਿੰਦੂ ਸਨਾਤਨੀਆਂ ਲਈ ਖੁੱਲ੍ਹੇ ਹੋਣ ਚਾਹੀਦੇ ਹਨ: ਮਹੰਤ ਰਾਜੀਵ ਲੋਚਨ ਦਾਸ

# ਪਾਕਿਸਤਾਨੀ ਹਿੰਦੂਆਂ ਦੇ ਪ੍ਰਵੇਸ਼ 'ਤੇ ਲਾਈ ਪਾਬੰਦੀ ਮੰਦਭਾਗੀ, ਪ੍ਰਬੰਧਕ ਫ਼ੈਸਲੇ 'ਤੇ ਮੁੜ ਸੋਚਣ: ਜੋਗਿੰਦਰ ਸਿੰਘ ਸਲਾਰੀਆ







**ਦੁਬਈ/ਅੰਮ੍ਰਿਤਸਰ, 24 ਅਕਤੂਬਰ (ਆਵਾਜ਼ਿ ਕੌਮ ਬਿਊਰੋ)**-ਵੈਸ਼ਨੋ ਪਰੰਪਰਾ ਦੇ ਪ੍ਰਸਿੱਧ ਅੰਤਰਰਾਸ਼ਟਰੀ ਪ੍ਰਵਚਨਕਾਰ ਅਤੇ ਸਮਾਜ ਸੁਧਾਰਕ ਮਹੰਤ ਰਾਜੀਵ ਲੋਚਨ ਦਾਸ ਚਤੁਰਕੂਟ ਧਾਮ (ਛੱਤੀਸਗੜ੍ਹ) ਨੇ ਦੁਬਈ ਅਬੂ ਧਾਬੀ ਸਥਿਤ ਸਵਾਮੀ ਨਰਾਇਣ ਮੰਦਰ ਵਿੱਚ ਪਾਕਿਸਤਾਨੀ ਸਨਾਤਨ ਹਿੰਦੂਆਂ ਦੇ ਪ੍ਰਵੇਸ਼ 'ਤੇ ਲਗਾਈ ਗਈ ਪਾਬੰਦੀ ਨੂੰ ਦੁਖਦਾਈ ਅਤੇ ਮੰਦਭਾਗਾ ਕਿਹਾ ਹੈ। ਉਹਨਾਂ ਕਿਹਾ ਕਿ ਮੰਦਰ ਸਾਰੇ ਸਨਾਤਨੀਆਂ ਲਈ ਆਸਥਾ ਦਾ ਕੇਂਦਰ ਹੁੰਦਾ ਹੈ ਅਤੇ ਕਿਸੇ ਵੀ ਹਿੰਦੂ ਸਨਾਤਨੀ ਨੂੰ ਭਗਵਾਨ ਦੇ ਦਰਬਾਰ ਵਿੱਚ ਜਾਣ ਤੋਂ ਨਹੀਂ ਰੋਕਿਆ ਜਾਣਾ ਚਾਹੀਦਾ। ਪ੍ਰੋ. ਸਰਚਾਂਦ ਸਿੰਘ ਖਿਆਲਾ ਅਨੁਸਾਰ ਮਹੰਤ ਰਾਜੀਵ ਲੋਚਨ ਦਾਸ ਜੀ, ਮਹੰਤ ਆਸ਼ੀਸ਼ ਦਾਸ ਜਬਲਪੁਰ, ਜੋਗਿੰਦਰ ਸਿੰਘ ਸਲਾਰੀਆ ਅਤੇ ਹੋਰ ਸਾਥੀਆਂ ਦੇ ਨਾਲ ਯੂਏਈ ਵਿੱਚ ਚੱਲ ਰਹੀ ਪੰਜ ਰੋਜ਼ਾ "ਸਮਾਜਿਕ ਸਦਭਾਵਨਾ ਯਾਤਰਾ" ਦੇ ਤਹਿਤ ਸਵਾਮੀ ਨਰਾਇਣ ਮੰਦਰ ਵਿਖੇ ਮਸਤਕ ਹੋਣ ਪਹੁੰਚੇ ਸਨ। ਇਸ ਦੌਰਾਨ ਉਹਨਾਂ ਨੇ ਦੇਖਿਆ ਕਿ ਮੰਦਰ ਦੇ ਪ੍ਰਵੇਸ਼ ਦੁਆਰ 'ਤੇ ਪਾਕਿਸਤਾਨੀ ਮੂਲ ਦੇ ਸਨਾਤਨੀ ਹਿੰਦੂ ਚਮਨ ਲਾਲ ਨੂੰ ਸਿਰਫ਼ ਪਾਕਿਸਤਾਨੀ ਹੋਣ ਦੇ ਆਧਾਰ 'ਤੇ ਅੰਦਰ ਜਾਣ ਤੋਂ ਰੋਕ ਦਿੱਤਾ ਗਿਆ ਸੀ। ਇਸ ਘਟਨਾ ਨੂੰ ਮਹੰਤ ਜੀ ਨੇ ਮੰਦਭਾਗੀ ਅਤੇ ਧਾਰਮਿਕ ਸਮਾਨਤਾ ਦੇ ਸਿਧਾਂਤ ਦੇ ਵਿਰੁੱਧ ਕਰਾਰ ਦਿੱਤਾ। ਮਹੰਤ ਰਾਜੀਵ ਲੋਚਨ ਦਾਸ ਨੇ ਕਿਹਾ ਕਿ ਭਾਵੇਂ ਪਾਕਿਸਤਾਨ ਅਲਪਸੰਖਿਆਕਾਂ ਵਿਰੋਧੀ ਦੇਸ਼ ਮੰਨਿਆ ਜਾਂਦਾ ਹੈ, ਪਰ ਉੱਥੋਂ ਦੇ ਦੱਬੇ-ਕੁਚਲੇ ਅਤੇ ਧਾਰਮਿਕ ਅੱਤਵਾਦ ਨਾਲ ਪੀੜਤ ਹਿੰਦੂਆਂ ਨੂੰ ਆਪਣੀ ਆਸਥਾ ਅਨੁਸਾਰ ਭਗਵਾਨ ਦੇ ਦਰਸ਼ਨ ਕਰਨ ਦਾ ਅਧਿਕਾਰ ਮਿਲਣਾ ਚਾਹੀਦਾ ਹੈ। ਉਹਨਾਂ ਅਪੀਲ ਕੀਤੀ ਕਿ ਮੰਦਰ ਪ੍ਰਬੰਧਕ ਸਾਰੇ ਹਿੰਦੂ ਸ਼ਰਧਾਲੂਆਂ ਦੇ ਦਸਤਾਵੇਜ਼ਾਂ ਦੀ ਜਾਂਚ ਕਰਕੇ ਉਨ੍ਹਾਂ ਨੂੰ ਪ੍ਰਵੇਸ਼ ਦੀ ਆਗਿਆ ਦੇਣ, ਨਾ ਕਿ ਕਿਸੇ ਦੀ ਰਾਸ਼ਟਰੀ ਪਛਾਣ ਦੇ ਆਧਾਰ 'ਤੇ ਰੋਕ ਲਗਾਈ ਜਾਵੇ। ਮਹੰਤ ਜੀ ਨੇ ਜ਼ੋਰ ਦੇ ਕੇ ਕਿਹਾ ਕਿ ਦੁਬਈ ਦਾ ਸਵਾਮੀ ਨਰਾਇਣ ਮੰਦਰ ਧਰਮ, ਸੱਭਿਆਚਾਰ ਅਤੇ ਮਨੁੱਖਤਾ ਦੀ ਜੀਵੰਤ ਮਿਸਾਲ ਹੈ। ਇਸਲਾਮਿਕ ਦੇਸ਼ ਹੋਣ ਦੇ ਬਾਵਜੂਦ ਯੂਏਈ ਸਰਕਾਰ ਨੇ ਇਸ ਮੰਦਰ ਦੀ ਸਥਾਪਨਾ ਲਈ ਜੋ ਸਹਿਯੋਗ ਤੇ ਯੋਗਦਾਨ ਦਿੱਤਾ ਹੈ, ਉਹ ਧਾਰਮਿਕ ਸਹਿਣਸ਼ੀਲਤਾ ਅਤੇ ਵਿਸ਼ਵ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ।

"ਮੈਂ ਪਾਕਿਸਤਾਨ ਵਿੱਚ ਜੰਮਿਆ, ਇਸ 'ਚ ਮੇਰਾ ਕੀ ਕਸੂਰ": ਪੀੜਿਤ ਹਿੰਦੂ ਸ਼ਰਧਾਲੂ ਚਮਨ ਲਾਲ। ਮੰਦਰ ਵਿੱਚ ਪ੍ਰਵੇਸ਼ ਤੋਂ ਰੋਕ ਲਏ ਗਏ ਪਾਕਿਸਤਾਨੀ ਹਿੰਦੂ ਚਮਨ ਲਾਲ ਨੇ ਆਪਣਾ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ "ਜੇ ਮੈਂ ਪਾਕਿਸਤਾਨ ਵਿੱਚ ਜੰਮਿਆ ਹਾਂ, ਇਸ ਵਿੱਚ ਮੇਰਾ ਕਸੂਰ ਕੀ ਹੈ?। ਮੈਨੂੰ ਮਾਣ ਹੈ ਕਿ ਮੈਂ ਸਨਾਤਨੀ ਹਿੰਦੂ ਹਾਂ ਅਤੇ ਮੈਨੂੰ ਮੰਦਰ ਵਿੱਚ ਭਗਵਾਨ ਅੱਗੇ ਮੱਥਾ ਟੇਕਣ ਦਾ ਅਧਿਕਾਰ ਮਿਲਣਾ ਚਾਹੀਦਾ ਹੈ। ਪਾਕਿਸਤਾਨੀ ਹਿੰਦੂਆਂ ਨੂੰ ਵੀ ਮੰਦਰ ਵਿੱਚ ਪ੍ਰਵੇਸ਼ ਦੀ ਇਜਾਜ਼ਤ ਹੋਣੀ ਚਾਹੀਦੀ ਹੈ ਤਾਂ ਜੋ ਅਸੀਂ ਆਪਣੀ ਸ਼ਰਧਾ ਅਰਪਣ ਕਰ ਸਕੀਏ।"

PCT Humanity ਦੇ ਸੰਸਥਾਪਕ ਸਰਦਾਰ ਜੋਗਿੰਦਰ ਸਿੰਘ ਸਲਾਰੀਆ ਨੇ ਵੀ ਪਾਕਿਸਤਾਨੀ ਹਿੰਦੂ ਨੂੰ ਮੰਦਰ ਵਿੱਚ ਜਾਣ ਤੋਂ ਰੋਕਣ ਦੇ ਮਾਮਲੇ 'ਤੇ ਗੰਭੀਰ ਅਫਸੋਸ ਜਤਾਇਆ। ਉਹਨਾਂ ਕਿਹਾ ਕਿ ਦੁਬਈ ਦਾ ਸਵਾਮੀ ਨਰਾਇਣ ਮੰਦਰ ਗਲਫ਼ ਖੇਤਰ ਦਾ ਸਭ ਤੋਂ ਵੱਡਾ ਹਿੰਦੂ ਮੰਦਰ ਹੈ, ਜਿਸਦਾ ਮੂਲ ਉਦੇਸ਼ ਇਹ ਸੰਦੇਸ਼ ਦੇਣਾ ਸੀ ਕਿ ਧਾਰਮਿਕ ਵਿਭਿੰਨਤਾ ਰੁਕਾਵਟ ਨਹੀਂ, ਸਗੋਂ ਇਨਸਾਨੀਅਤ ਦਾ ਪੁਲ ਹੈ। ਸਲਾਰੀਆ ਨੇ ਕਿਹਾ ਕਿ ਇਸ ਮੰਦਰ ਦੀ ਉਸਾਰੀ ਵਿੱਚ ਯੂਏਈ ਦੇ ਵੱਖ-ਵੱਖ ਧਰਮਾਂ ਨਾਲ ਸੰਬੰਧਿਤ ਲੋਕਾਂ ਨੇ ਯੋਗਦਾਨ ਦਿੱਤਾ, ਇਸ ਲਈ ਇਹ ਮੰਦਰ ਸਰਬ ਸਾਂਝੀਵਾਲਤਾ ਦਾ ਪ੍ਰਤੀਕ ਹੋਣਾ ਚਾਹੀਦਾ ਹੈ। ਉਨ੍ਹਾਂ ਪਰਬੰਧਕਾਂ ਅਪੀਲ ਕੀਤੀ ਕਿ ਪਾਕਿਸਤਾਨੀ ਹਿੰਦੂਆਂ ਦੇ ਪ੍ਰਵੇਸ਼ 'ਤੇ ਲਾਈ ਗਈ ਪਾਬੰਦੀ 'ਤੇ ਮੁੜ ਵਿਚਾਰ ਕਰਨ ਅਤੇ ਮੰਦਰ ਦੇ ਦਰਵਾਜ਼ੇ ਸਭ ਲਈ ਖੋਲ੍ਹੇ ਜਾਣ। ਸਰਦਾਰ ਜੋਗਿੰਦਰ ਸਿੰਘ ਸਲਾਰੀਆ ਨੇ ਇਸ ਮੌਕੇ ਕਿਹਾ ਕਿ ਮਹੰਤ ਰਾਜੀਵ ਲੋਚਨ ਦਾਸ ਅਤੇ ਮਹੰਤ ਆਸ਼ੀਸ਼ ਦਾਸ ਜਬਲਪੁਰ ਦੀ ਯਾਤਰਾ ਦੁਬਈ ਦੀ ਧਰਤੀ ਲਈ ਆਧਿਆਤਮਿਕ ਅਨੁਭਵ ਹੈ। ਉਹਨਾਂ ਕਿਹਾ ਕਿ ਸੰਤ ਮਹੰਤਾਂ ਦਾ ਇਸ ਧਰਤੀ 'ਤੇ ਆਉਣਾ ਪ੍ਰਭੂ ਦੀ ਕਿਰਪਾ ਦਾ ਪ੍ਰਗਟਾਵਾ ਹੈ। ਉਹਨਾਂ ਕਿਹਾ ਕਿ ਅਕਾਲ ਪੁਰਖ ਦੇ ਹੁਕਮ ਨਾਲ ਧਰਤੀ 'ਤੇ ਆਏ ਸੰਤ, ਫ਼ਕੀਰ, ਸਾਧੂ ਅਤੇ ਜੋਗੀ ਮਨੁੱਖਤਾ ਲਈ ਪ੍ਰੇਰਨਾ ਦੇ ਸਰੋਤ ਹਨ। ਜੇ ਇਹ ਮਹਾਨ ਰੂਹਾਂ ਨਾ ਹੁੰਦੀਆਂ ਤਾਂ ਸੰਸਾਰ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੀ ਅੱਗ ਵਿੱਚ ਭਸਮ ਹੋ ਗਿਆ ਹੁੰਦਾ। ਉਹਨਾਂ ਆਖਿਆ ਕਿ ਜ਼ਿੰਦਗੀ ਦੀ ਅਸਲ ਸਫਲਤਾ ਧਨ-ਦੌਲਤ ਵਿੱਚ ਨਹੀਂ, ਸਗੋਂ ਆਧਿਆਤਮਿਕ ਗਿਆਨ ਦੀ ਪ੍ਰਾਪਤੀ ਵਿੱਚ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਕਿਸਮਤ ਤੇ ਸੋਚ ਦਾ ਸੰਬੰਧ: ਸਾਡੀ ਸੋਚ ਹੀ ਸਾਡੀ ਕਿਸਮਤ ਹੈ




ਬਚਪਨ ਤੋਂ ਅਸੀਂ ਅਕਸਰ ਸੁਣਦੇ ਆਏ ਹਾਂ ਕਿ "ਕਿਸਮਤ ਵਿੱਚ ਜੋ ਲਿਖਿਆ ਹੈ, ਉਹੀ ਮਿਲੇਗਾ।" ਪਰ ਕੀ ਸੱਚਮੁੱਚ ਕਿਸਮਤ ਕੋਈ ਤਾਕਤ ਹੈ ਜੋ ਉਪਰੋਂ ਲਿਖ ਕੇ ਭੇਜੀ ਜਾਂਦੀ ਹੈ? ਜੇਕਰ ਐਸਾ ਹੁੰਦਾ, ਤਾਂ ਮਿਹਨਤੀ ਅਤੇ ਇਮਾਨਦਾਰ ਲੋਕਾਂ ਨੂੰ ਹਮੇਸ਼ਾਂ ਕਾਮਯਾਬੀ ਮਿਲਦੀ ਹੀ ਰਹਿੰਦੀ ਤੇ ਆਲਸੀ ਲੋਕ ਕਦੇ ਉੱਠ ਨਹੀਂ ਸਕਦੇ। ਪਰ ਹਕੀਕਤ ਇਸ ਤੋਂ ਉਲਟ ਹੈ। ਅਸਲ ਸੱਚ ਇਹ ਹੈ ਕਿ ਕਿਸਮਤ ਸਾਡੀ ਸੋਚ, ਸਾਡੇ ਕੰਮ ਅਤੇ ਸਾਡੇ ਰਵੱਈਏ ਨਾਲ ਬਣਦੀ ਹੈ।

ਜਿਵੇਂ ਕਿਸੇ ਕਿਸਾਨ ਲਈ ਬੀਜ ਬੋਣਾ ਪਹਿਲਾ ਕਦਮ ਹੁੰਦਾ ਹੈ, ਪਰ ਫਸਲ ਉੱਗਣ ਲਈ ਮਿੱਟੀ, ਪਾਣੀ ਤੇ ਦੇਖਭਾਲ ਦੀ ਲੋੜ ਹੁੰਦੀ ਹੈ। ਉਸੇ ਤਰ੍ਹਾਂ, ਸਾਡੀ ਸੋਚ ਬੀਜ ਹੈ ਅਤੇ ਸਾਡੇ ਕਰਮ ਉਸ ਦੀ ਦੇਖਭਾਲ। ਜਿਹੋ ਜਿਹੀ ਸੋਚ ਹੋਵੇਗੀ, ਉਹੋ ਜਿਹੀ ਫਸਲ ਜ਼ਿੰਦਗੀ ਵਿੱਚ ਮਿਲੇਗੀ।



**2. ਸੋਚ ਦੀ ਤਾਕਤ, ਮਨੋਵਿਗਿਆਨਕ ਪੱਖ**

ਮਨੋਵਿਗਿਆਨ (Psychology) ਕਹਿੰਦਾ ਹੈ ਕਿ ਮਨੁੱਖ ਉਹੀ ਬਣਦਾ ਹੈ ਜੋ ਉਹ ਆਪਣੇ ਬਾਰੇ ਸੋਚਦਾ ਹੈ।

ਜੇ ਕੋਈ ਮਨੁੱਖ ਆਪਣੇ ਆਪ ਨੂੰ ਕਮਜ਼ੋਰ ਸਮਝਦਾ ਹੈ, ਤਾਂ ਉਹ ਹਰ ਕੰਮ ਵਿੱਚ ਡਰ ਅਤੇ ਸ਼ੱਕ ਮਹਿਸੂਸ ਕਰਦਾ ਹੈ।

ਪਰ ਜਿਹੜਾ ਵਿਅਕਤੀ ਆਪਣੇ ਆਪ 'ਤੇ ਭਰੋਸਾ ਰੱਖਦਾ ਹੈ, ਉਹ ਮੁਸ਼ਕਲ ਹਾਲਾਤਾਂ ਵਿੱਚ ਵੀ ਰਾਹ ਲੱਭ ਲੈਂਦਾ ਹੈ। ਉਦਾਹਰਨ ਵਜੋਂ ਥੋਮਸ ਐਡੀਸਨ ਨੇ ਬਲਬ ਦੀ ਖੋਜ ਲਈ 1000 ਵਾਰ ਅਸਫਲ ਹੋਣ ਤੋਂ ਬਾਅਦ ਵੀ ਕਦੇ ਹਿੰਮਤ ਨਹੀਂ ਹਾਰੀ ਸੀ। ਜੇ ਉਹ ਸੋਚ ਲੈਂਦਾ ਕਿ "ਮੇਰੀ ਕਿਸਮਤ ਵਿੱਚ ਖੋਜਕਾਰੀ ਨਹੀਂ", ਤਾਂ ਸ਼ਾਇਦ ਅੱਜ ਦੁਨੀਆਂ ਹਨੇਰੇ ਵਿੱਚ ਹੁੰਦੀ। ਉਸ ਦੀ ਸਕਾਰਾਤਮਕ ਸੋਚ ਨੇ ਹੀ ਉਸ ਦੀ ਕਿਸਮਤ ਬਦਲੀ। ਇਸ ਤਰ੍ਹਾਂ, ਸੋਚ ਮਨੁੱਖ ਦੇ ਅੰਦਰੋਂ ਐਨਰਜੀ ਪੈਦਾ ਕਰਦੀ ਹੈ ਜੋ ਉਸ ਦੇ ਜੀਵਨ ਦੇ ਰਾਹ ਤੈਅ ਕਰਦੀ ਹੈ।

**3. ਵਿਗਿਆਨਕ ਤੱਥ**

ਆਧੁਨਿਕ ਵਿਗਿਆਨ ਦੇ ਅਨੁਸਾਰ, ਮਨੁੱਖ ਦਾ ਦਿਮਾਗ ਲਗਾਤਾਰ ਨਿਊਰੋਨ (neurons) (ਨਿਊਰੋਨ ਉਹ ਸੈੱਲ ਹਨ ਜੋ ਦਿਮਾਗ ਵਿੱਚ ਜਾਣਕਾਰੀ (signals) ਨੂੰ ਇੱਕ ਥਾਂ ਤੋਂ ਦੂਜੇ ਥਾਂ ਤਕ ਪਹੁੰਚਾਉਂਦੇ ਹਨ।) ਰਾਹੀਂ ਨਵੀਆਂ ਕੜੀਆਂ ਬਣਾਉਂਦਾ ਰਹਿੰਦਾ ਹੈ। ਜਦੋਂ ਅਸੀਂ ਇੱਕੋ ਹੀ ਤਰ੍ਹਾਂ ਦੀ ਸੋਚ ਵਾਰ ਵਾਰ ਕਰਦੇ ਹਾਂ, ਤਾਂ ਦਿਮਾਗ ਉਸੇ ਪੈਟਰਨ ਨੂੰ ਮਜ਼ਬੂਤ ਕਰ ਲੈਂਦਾ ਹੈ।

ਇਸ ਦਾ ਅਰਥ ਇਹ ਹੈ ਕਿ ਜੋ ਵਿਅਕਤੀ ਹਮੇਸ਼ਾਂ ਨਕਾਰਾਤਮਕ ਸੋਚਦਾ ਹੈ, ਉਸ ਦਾ ਦਿਮਾਗ ਵੀ ਉਹੀ ਰਸਤੇ ਪੱਕੇ ਕਰ ਲੈਂਦਾ ਹੈ, ਜਿਵੇਂ "ਮੈਂ ਨਹੀਂ ਕਰ ਸਕਦਾ," "ਮੇਰੀ ਕਿਸਮਤ ਖਰਾਬ ਹੈ।" ਪਰ ਜਿਹੜਾ ਵਿਅਕਤੀ ਸਕਾਰਾਤਮਕ ਸੋਚਦਾ ਹੈ, ਉਹੀ ਦਿਮਾਗ ਆਪਣੇ ਆਪ ਨੂੰ ਉਸੇ ਤਰ੍ਹਾਂ ਤਿਆਰ ਕਰ ਲੈਂਦਾ ਹੈ। "ਮੈਂ ਕੋਸ਼ਿਸ਼ ਕਰਾਂਗਾ," "ਮੈਂ ਬਿਹਤਰ ਕਰ ਸਕਦਾ ਹਾਂ।" ਇਹੀ ਸੋਚ ਉਸ ਨੂੰ ਕਰਮ ਕਰਨ ਦੀ ਪ੍ਰੇਰਣਾ ਦਿੰਦੀ ਹੈ ਅਤੇ ਕਾਮਯਾਬੀ ਦੀ ਕਿਸਮਤ ਬਣਦੀ ਹੈ।

**4. ਧਾਰਮਿਕ ਦ੍ਰਿਸ਼ਟੀਕੋਣ**

ਸਭ ਧਰਮਾਂ ਵਿੱਚ ਵੀ ਸੋਚ ਦੀ ਤਾਕਤ ਦਾ ਜ਼ਿਕਰ ਹੈ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

"ਮਨਿ ਜੀਤੈ ਜਗੁ ਜੀਤੁ।" ਅਰਥਾਤ ਜੇ ਮਨ ਨੂੰ ਜਿੱਤ ਲਿਆ, ਤਾਂ ਸਾਰੀ ਦੁਨੀਆ ਜਿੱਤ ਲਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਇਹ ਪਾਵਨ ਪੰਕਤੀ ਸਪੱਸ਼ਟ ਕਰਦੀ ਹੈ ਕਿ ਮਨੁੱਖ ਦੀ ਜਿੱਤ ਕਿਸਮਤ ਨਾਲ ਨਹੀਂ, ਸੋਚ ਨਾਲ ਹੁੰਦੀ ਹੈ।

ਦੁਨੀਆ ਦੇ ਹਰ ਧਰਮ ਨੇ ਮਨੁੱਖ ਦੇ ਅੰਦਰੂਨੀ ਮਨ, ਉਸ ਦੀ ਸੋਚ ਤੇ ਨੀਤੀ ਨੂੰ ਸਭ ਤੋਂ ਵੱਡੀ ਤਾਕਤ ਮੰਨਿਆ ਹੈ। ਕਿਸੇ ਨੇ ਇਸਨੂੰ "ਮਨ ਦਾ ਜਿੱਤਣਾ", ਕਿਸੇ ਨੇ "ਚਿੰਤਨ ਦੀ ਸ਼ੁੱਧਤਾ", ਤੇ ਕਿਸੇ ਨੇ "ਦਿਲ ਦੀ ਨੀਅਤ" ਕਿਹਾ ਹੈ।

ਇਸ ਦਾ ਸਪੱਸ਼ਟ ਅਰਥ ਹੈ ਕਿ ਕਿਸਮਤ ਦਾ ਮੂਲ ਕੇਂਦਰ ਬਾਹਰੀ ਹਾਲਾਤ ਨਹੀਂ, ਅੰਦਰੂਨੀ ਸੋਚ ਹੈ।

ਭਾਵੇਂ ਧਰਮ ਵੱਖ-ਵੱਖ ਹਨ, ਪਰ ਸਭ ਦਾ ਕੇਂਦਰ ਇਕੋ ਹੈ ਮਨੁੱਖ ਦੀ ਸੋਚ ਹੀ ਉਸ ਦੀ ਕਿਸਮਤ ਹੈ। ਸੋਚ ਬਦਲਣ ਨਾਲ ਸਿਰਫ਼ ਦ੍ਰਿਸ਼ਟੀਕੋਣ ਨਹੀਂ, ਸਾਰੀ ਜ਼ਿੰਦਗੀ ਬਦਲ ਜਾਂਦੀ ਹੈ। "ਧਰਮਾਂ ਨੇ ਸਾਨੂੰ ਰਸਮਾਂ ਨਹੀਂ, ਰਾਹ ਦੱਸੇ ਹਨ ਅਤੇ ਉਹ ਰਾਹ ਮਨ ਦੀ ਪਵਿੱਤਰਤਾ ਰਾਹੀਂ ਕਿਸਮਤ ਤੱਕ ਲੈ ਜਾਂਦਾ ਹੈ।"

**5. ਜੀਵਨ ਤੋਂ ਉਦਾਹਰਨ**

ਨੈਲਸਨ ਮੰਡੇਲਾ: 27 ਸਾਲ ਜੇਲ੍ਹ ਵਿਚ ਰਹਿਣ ਦੇ ਬਾਵਜੂਦ ਉਸ ਦੀ ਸੋਚ ਆਜ਼ਾਦ ਰਹੀ। ਉਸਨੇ ਆਪਣੇ ਦੇਸ਼ ਦੀ ਕਿਸਮਤ ਹੀ ਬਦਲ ਦਿੱਤੀ।

ਅਬਦੁਲ ਕਲਾਮ: ਗਰੀਬ ਪਰਿਵਾਰ ਤੋਂ ਉੱਠ ਕੇ ਰਾਸ਼ਟਰਪਤੀ ਬਣੇ, ਕਿਸਮਤ ਨਹੀਂ, ਸੋਚ 'ਤੇ ਵਿਸ਼ਵਾਸ ਨੇ ਇਹ ਸੰਭਵ ਕੀਤਾ।

ਪਿੰਡ ਦੀ ਉਦਾਹਰਨ: ਜੇ ਕਿਸੇ ਪਿੰਡ ਦਾ ਨੌਜਵਾਨ ਕਹੇ "ਇਥੇ ਤਾਂ ਕਿਸਮਤ ਹੀ ਮਾੜੀ ਹੈ, ਕੰਮ ਨਹੀਂ ਮਿਲਦਾ", ਉਹ ਹਮੇਸ਼ਾਂ ਓਥੇ ਹੀ ਰੁਕਿਆ ਰਹੇਗਾ। ਪਰ ਜੇ ਦੂਜਾ ਨੌਜਵਾਨ ਕਹੇ "ਮੈਂ ਆਪਣੀ ਮਿਹਨਤ ਨਾਲ ਕੁਝ ਨਵਾਂ ਕਰਾਂਗਾ", ਉਹ ਛੋਟੇ ਪੱਧਰ ਤੋਂ ਸ਼ੁਰੂ ਕਰਕੇ ਵੀ ਉੱਚਾਈਆਂ ਛੂਹ ਸਕਦਾ ਹੈ।

**6. ਕਿਸਮਤ ਬਨਾਮ ਕਰਮ**

ਲੋਕ ਕਹਿੰਦੇ ਹਨ "ਕਿਸਮਤ ਚੰਗੀ ਹੋਵੇ ਤਾਂ ਸਭ ਕੁਝ ਮਿਲ ਜਾਂਦਾ ਹੈ।" ਪਰ ਕਿਸਮਤ ਤਦ ਹੀ ਚੰਗੀ ਹੁੰਦੀ ਹੈ ਜਦੋਂ ਕਰਮ ਚੰਗੇ ਹੋਣ। ਕਰਮ ਕਿਸਮਤ ਨੂੰ ਜਗਾਉਂਦੇ ਹਨ। ਜਿਵੇਂ ਬਿਜਲੀ ਦੀ ਤਾਰ ਵਿੱਚ ਕਰੰਟ ਤਦ ਹੀ ਚਲਦਾ ਹੈ ਜਦੋਂ ਸਵਿੱਚ ਔਨ ਕੀਤਾ ਜਾਵੇ, ਓਹੀ ਤਰ੍ਹਾਂ ਕਿਸਮਤ ਤਦ ਹੀ ਚਮਕਦੀ ਹੈ ਜਦੋਂ ਮਨੁੱਖ ਆਪਣੇ ਕਰਮਾਂ ਨਾਲ ਉਸਨੂੰ ਜਗਾਉਂਦਾ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

**7. ਨਤੀਜਾ**

ਅਸਲ ਵਿੱਚ, ਕਿਸਮਤ ਕੋਈ ਤੈਅ ਕੀਤਾ ਲੇਖ ਨਹੀਂ ਜੋ ਉਪਰੋਂ ਲਿਖ ਕੇ ਭੇਜੀ ਗਈ ਹੈ, ਬਲਕਿ ਉਹ ਸਾਡੀ ਸੋਚ ਅਤੇ ਕਰਮਾਂ ਦੀ ਜੋੜੀ ਦਾ ਨਤੀਜਾ ਹੈ। ਜਿਹੋ ਜਿਹੀ ਸੋਚ ਹੋਵੇਗੀ, ਉਹੋ ਜਿਹੇ ਕਰਮ ਹੋਣਗੇ, ਅਤੇ ਉਹੋ ਜਿਹੀ ਜ਼ਿੰਦਗੀ ਬਣੇਗੀ।

ਇਸ ਲਈ

☛ ਆਪਣੀ ਸੋਚ ਨੂੰ ਸਕਾਰਾਤਮਕ ਰੱਖੋ।

☛ ਕਰਮਾਂ ਨੂੰ ਸਚਾਈ 'ਤੇ ਮਿਹਨਤ ਨਾਲ ਜੋੜੋ।

☛ ਕਿਸਮਤ ਦੀ ਉਡੀਕ ਨਾ ਕਰੋ, ਆਪਣੇ ਕਰਮਾਂ ਨਾਲ ਉਸਨੂੰ ਬਣਾਓ।

**8. ਸੰਖੇਪ ਵਿਚ ਸਾਰ**

ਸੋਚ ਕਿਸਮਤ ਤੋਂ ਵੱਡੀ ਤਾਕਤ ਹੈ। ਵਿਗਿਆਨ, ਧਰਮ ਤੇ ਜੀਵਨ ਦੇ ਤਜਰਬੇ, ਤਿੰਨੇ ਇਹੀ ਕਹਿੰਦੇ ਹਨ ਕਿ ਮਨੁੱਖ ਆਪਣੀ ਕਿਸਮਤ ਦਾ ਖੁਦ ਮਾਲਕ ਹੈ। ਜਿਹੜਾ ਮਨੁੱਖ ਆਪਣੇ ਮਨ ਨੂੰ ਸੰਵਾਰ ਲੈਂਦਾ ਹੈ, ਉਹ ਆਪਣੀ ਜ਼ਿੰਦਗੀ ਸੰਵਾਰ ਲੈਂਦਾ ਹੈ।

**-ਗੁਰਦੇਵ ਸਿੰਘ ਬਠਿੰਡਾ, 9316949649**

ਆਵਾਜ਼ਿ ਕੌਮ AWAZE QAUM

ਜੱਥੇਦਾਰ ਗਿਆਨੀ ਕੁਲਦੀਪ ਸਿੰਘ ਜੀ ਗੜਗਜ ਦੇ ਧਿਆਨ ਹਿੱਤ

# ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਕੈਨੇਡਾ ਵਿਚ ਗੁਰੂਘਰ ਦਾਖਿਲ ਹੋਣ 'ਤੇ ਸਿੱਖ ਸੰਗਤਾਂ ਨੂੰ ਕੀਤਾ ਜਾ ਰਿਹਾ ਹੈ ਬੈਨ

☛ ਚੁੱਪਹਿਰਾ ਸਾਹਿਬ ਦੀ ਸੇਵਾ ਕਰਦੀਆਂ ਬੀਬੀਆਂ ਅਤੇ ਬੱਚਿਆਂ ਉਪਰ ਵੀਂ ਲਗਾ ਦਿੱਤੀ ਗਈ ਰੋਕ

☛ ਸਿੱਖ ਗੁਰਦੁਆਰਾ ਸਾਹਿਬ ਨਹੀਂ ਜਾਏਗਾ ਤਾਂ ਕਿ ਓਹ ਦੂਜੇ ਧਰਮਾਂ ਦੇ ਅਸਥਾਨਾਂ ਜਾ ਕੇ ਮੱਥੇ ਟੇਕਣਾ ਸ਼ੁਰੂ ਕਰੇ

ਨਵੀਂ ਦਿੱਲੀ 24 ਅਕਤੂਬਰ (ਮਨਪ੍ਰੀਤ ਸਿੰਘ ਖਾਲਸਾ):- ਬੀਤੇ ਦਿਨੀਂ ਬੰਦੀ ਛੋੜ ਦਿਵਸ ਮੌਕੇ ਕਾਰਜਕਾਰੀ ਜੱਥੇਦਾਰ ਗਿਆਨੀ ਕੁਲਦੀਪ ਸਿੰਘ ਨੇ ਤਖਤ ਸਾਹਿਬ ਦੀ ਫਸੀਲ ਤੋਂ ਕਿਹਾ ਸੀ ਕਿ ਕਿਸੇ ਵੀਂ ਗੁਰਦੁਆਰਾ ਸਾਹਿਬ ਅੰਦਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਤਮਸਤਕ ਹੋਣ ਲਈ ਕਿਸੇ ਨੂੰ ਵੀਂ ਰੋਕਿਆ ਨਹੀਂ ਜਾ ਸਕਦਾ ਹੈ ਤੇ ਦੂਜੇ ਪਾਸੇ ਇਸਦੇ ਉਲਟ ਕੈਨੇਡਾ ਸਰੀ ਦੇ ਗੁਰੂਘਰ ਗੁਰੂ ਨਾਨਕ ਸਿੱਖ ਗੁਰਦੁਆਰਾ ਦੇ ਕਾਰਜਕਾਰੀ ਪ੍ਰਧਾਨ ਅਮਨਦੀਪ ਸਿੰਘ ਅਤੇ ਜਨਰਲ ਸਕੱਤਰ ਭੁਪਿੰਦਰ ਸਿੰਘ ਹੋਠੀ ਵੱਲੋਂ ਆਪਹੁਦਰੀਆ ਕਾਰਵਾਈਆਂ ਨਾਲ ਗੁਰੂਘਰ ਅੰਦਰ ਸਿੱਖਾਂ ਨੂੰ ਨਤਮਸਤਕ ਹੋਣ ਤੋਂ ਰੋਕਦੇ ਹੋਏ ਉਨ੍ਹਾਂ ਉਪਰ ਬੈਨ ਲਗਾਇਆ ਜਾ ਰਿਹਾ ਹੈ । ਮਿਲੀ ਜਾਣਕਾਰੀ ਮੁਤਾਬਿਕ ਉਨ੍ਹਾਂ ਅੱਗੇ ਗੁਰਦੁਆਰਾ ਸਾਹਿਬ ਨਾਲ ਸੰਬੰਧਿਤ ਸਵਾਲ ਕਰਨ ਵਾਲਿਆਂ ਨੂੰ ਬਦਨਾਮ ਕਰਨਾ, ਮਾਰਕੁਟ ਕਰਣਾ ਵਰਗੀਆਂ ਕਾਰਵਾਈਆਂ ਵੀਂ ਕਰਵਾਈ ਜਾ ਰਹੀਆਂ ਹਨ ਜਿਸ ਕਰਕੇ ਸੰਗਤਾਂ ਅੰਦਰ ਉਨ੍ਹਾਂ ਵਿਰੁੱਧ ਵੱਡਾ ਰੋਸ ਹੈ । ਇਸੇ ਤਰੀਕੇ ਕਮੇਟੀ ਮੈਂਬਰ ਸਰਦਾਰ ਅਵਤਾਰ ਸਿੰਘ ਖਹਿਰਾ ਜੋ ਕਿ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੇ ਨਾਲ ਨੇੜਿਓਂ ਸੇਵਾ ਕਰਨ ਵਾਲੇ ਸਨ ਉੱਪਰ ਝੂਠੇ ਚੋਰੀ ਦੇ ਇਲਜਾਮ ਲਗਾਏ ਗਏ ਹਨ ।ਭਾਈ ਮਨਜਿੰਦਰ ਸਿੰਘ ਖਾਲਸਾ ਉੱਪਰ ਹਮਲਾ ਕਰਵਾ ਕੇ ਉਨ੍ਹਾਂ ਨੂੰ ਗੰਭੀਰ ਹਾਲਾਤ ਵਿਚ ਅਸਪਤਾਲ ਪਹੁੰਚਾ ਦਿੱਤਾ ਗਿਆ ਤੇ ਭਾਰਤੀ ਐੰਬੇਸੀ ਮੂਹਰੇ ਪ੍ਰਦਰਸ਼ਨ ਕਰਕੇ ਵਾਪਿਸ ਮੁੜੇ ਸਿੰਘਾਂ ਉਪਰ ਵੀਂ ਅਣਪਛਾਤਿਆਂ ਨੇ ਹਮਲਾ ਕਰਕੇ ਸਿੰਘਾਂ ਨੂੰ ਜਖਮੀ ਕਰ ਦਿੱਤਾ ਸੀ । ਇਸ ਬਾਰੇ ਅਸੀਂ ਬੀਤੀ 2 ਸੰਤਬਰ 2025 ਨੂੰ ਖ਼ਬਰ ਵੀਂ ਲਗਾਈ ਸੀ। ਗੁਰੂਘਰ ਅੰਦਰ ਹਿੰਸਾ ਹੋਈ, ਜਿਸ ਨਾਲ ਕੇਸਾਂ ਤੇ ਦਸਤਾਰਾਂ ਦੀ ਬੇਅਦਬੀ ਤੇ ਪੰਥਕ ਬਜ਼ੁਰਗ ਸਿੰਘ ਦੀਆਂ ਹੱਡੀਆਂ ਤੱਕ ਟੁੱਟੀਆਂ ।ਭਾਈ ਮਨਜਿੰਦਰ ਸਿੰਘ ਅਤੇ ਅਣਪਛਾਤਿਆਂ ਵਲੋਂ ਕੀਤੇ ਗਏ ਹਮਲੇ ਦੀ ਪੁਲਿਸ ਰਿਪੋਰਟ ਹੋਣ ਕਰਕੇ ਮਾਮਲਾ ਪੁਲਿਸ ਕੋਲ ਪੁੱਜ ਚੁੱਕਾ ਹੈ ਤੇ ਮਾਮਲੇ ਵਿਚ ਨਾਮਜਦ ਉਪਰ ਕਨੂੰਨੀ ਕਾਰਵਾਈ ਚਲ ਰਹੀ ਹੈ ਜੋ ਕਿ ਇਸ ਗੱਲ ਦਾ ਸਬੂਤ ਹੈ ਕਿ ਓਥੇ ਸਭ ਕੁਝ ਠੀਕ ਨਹੀਂ ਹੈ । ਇਸੇ ਤਰੀਕੇ ਚੁਪਹਿਰਾ ਸਾਹਿਬ ਵਿੱਚ ਸੇਵਾ ਕਰਦੀਆਂ ਸਿੰਘਣੀਆਂ ਅਤੇ ਬੱਚਿਆਂ ਨੂੰ ਬਾਣੀ ਪੜ੍ਹ ਅਤੇ ਸੇਵਾ ਕਰਨ ਤੋਂ ਬੈਨ ਕਰ ਦਿੱਤਾ ਗਿਆ ।ਜਿਹੜੇ ਸਿੰਘ ਕੇਸ ਦੀ ਪੈਰਵੀ ਕਰ ਰਹੇ ਹਨ, ਗੁਰਦੁਆਰਾ ਸਾਹਿਬ ਦੇ ਮੈਂਬਰ ਨਹੀਂ ਬਣ ਸਕਣ ਇਸ ਲਈ ਉਨ੍ਹਾਂ ਨੂੰ ਲੈਟਰ ਦੇ ਕੇ ਘਰ ਬੈਠਣ ਲਈ ਮਜਬੂਰ ਕੀਤਾ ਜਾ ਰਿਹਾ ਹੈ, ਟੀਮ ਨਿੱਝਰ ਦੇ ਸਾਰੇ ਮੈਂਬਰ ਭਾਰਤ ਸਰਕਾਰ ਵੱਲੋਂ ਬੈਨ ਕੀਤੇ ਹੋਣ ਕਾਰਨ ਸ਼੍ਰੀ ਦਰਬਾਰ ਸਾਹਿਬ ਵਿਖੇ ਨਤਮਸਤਕ ਨਹੀਂ ਹੋ ਸਕਦੇ ਹਨ ਅਤੇ ਉਨ੍ਹਾਂ ਨੂੰ ਭਾਈ ਨਿੱਝਰ ਦੇ ਸ਼ਹੀਦੀ ਅਸਥਾਨ ਤੇ ਜਾਣ ਤੋਂ ਵੀ ਬੈਨ ਕਰ ਦਿੱਤਾ ਗਿਆ ਹੈ। ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ, ਜੋ ਇੱਕ ਸ਼ਹੀਦੀ ਅਸਥਾਨ ਹੈ, ਦੀ ਸ਼ਾਨ ਨੂੰ ਬਚਾਉਣ ਲਈ ਕਾਰਜਕਾਰੀ ਜੱਥੇਦਾਰ ਅਕਾਲ ਤਖਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗਜ ਕੀ ਫ਼ੈਸਲਾ ਲੈਂਦੇ ਹਨ ਇਸ ਬਾਰੇ ਕੈਨੇਡੀਅਨ ਸੰਗਤਾਂ ਇੰਤਜਾਰ ਵਿਚ ਹਨ ਤੇ ਉਨ੍ਹਾਂ ਨੇ ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਨੂੰ ਅੱਗੇ ਆਉਣ ਲਈ ਬੇਨਤੀ ਕੀਤੀ ਹੈ । ਜਿਕਰਯੋਗ ਹੈ ਕਿ ਗੁਰੁ ਨਾਨਕ ਸਿੱਖ ਗੁਰਦੁਆਰਾ ਦੇ ਪ੍ਰਬੰਧਕਾਂ ਵਿੱਚੋਂ ਸੱਤ ਕਮੇਟੀ ਮੈਂਬਰ ਇਸ ਸਮੇਂ ਇਹਨਾਂ ਸੰਘਰਸ਼ਸ਼ੀ ਸਿੰਘਾਂ ਨਾਲ ਖੜੇ ਹਨ ਜਿਨਾਂ ਨਾਲ ਦੋ ਕਮੇਟੀ ਮੈਂਬਰ ਜਿਨਾਂ ਵਿੱਚ ਪ੍ਰਧਾਨ ਅਤੇ ਜਨਰਲ ਸਕੱਤਰ ਹੈ ਧੱਕਾ ਕਰ ਰਹੇ ਹਨ ਨੂੰ ਸੰਗਤਾਂ ਵੱਲੋਂ ਕਟਹਿਰੇ ਵਿੱਚ ਖੜਾ ਕਰਕੇ ਸਵਾਲ ਕਰਨ ਅਤੇ ਇਸ ਮਸਲੇ ਦਾ ਹੱਲ ਕਰ ਲਈ ਬੇਨਤੀ ਕੀਤੀ ਜਾਂਦੀ ਹੈ। ਇਸ ਬਾਰੇ ਗੱਲਬਾਤ ਕਰਦਿਆਂ ਇਕ ਸਿੰਘ ਨੇ ਭਰੇ ਮੰਨ ਨਾਲ ਕਿਹਾ ਕਿ ਸਿੱਖ ਗੁਰਦੁਆਰਾ ਸਾਹਿਬ ਨਹੀਂ ਜਾਏਗਾ ਤਾਂ ਕਿ ਓਹ ਦੂਜੇ ਧਰਮਾਂ ਦੇ ਅਸਥਾਨਾਂ ਜਾ ਕੇ ਮੱਥੇ ਟੇਕਣਾ ਸ਼ੁਰੂ ਕਰੇ, ਜੱਥੇਦਾਰ ਅਕਾਲ ਤਖਤ ਸਾਹਿਬ ਇਸ ਗੰਭੀਰ ਮਸਲੇ ਵਿਚ ਤੁਰੰਤ ਦਖਲਅੰਦਾਜ਼ੀ ਕਰਕੇ ਇਸ ਦਾ ਹੱਲ ਕਢਣ।






ਸਿੱਖ ਸੰਸਥਾਵਾਂ ਅਤੇ ਸਿੱਖ ਸੰਸਥਾਵਾਂ ਦੀਆਂ ਉੱਚ ਪਦਵੀਆਂ ਦੇ ਸਤਿਕਾਰ, ਪ੍ਰਭੂਸੱਤਾ ਅਤੇ ਓਹਨਾਂ ਦੀ ਸਰਵ ਉੱਚਤਾ ਅਤੇ ਮਹਾਨਤਾ ਨੂੰ ਠੇਸ ਪਹੁੰਚਾਉਣ ਲਈ ਸੁਖਬੀਰ ਧੜਾ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ।

**-ਸਰਦਾਰ ਕਰਨੈਲ ਸਿੰਘ ਪੀਰ ਮੁਹੰਮਦ**
ਮੁੱਖ ਬੁਲਾਰਾ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ)

# ਕੀ ਸਰਕਾਰਾਂ ਵੋਟਾਂ ਲਈ ਤੇ ਡੇਰੇਦਾਰ ਨੋਟਾਂ ਲਈ ਬੇਅਦਬੀਆਂ ਨੂੰ ਅੰਜ਼ਾਮ ਦਿੰਦੇ ਰਹਿਣਗੇ ?



ਰਣਜੀਤ ਸਿੰਘ ਦਮਦਮੀ ਟਕਸਾਲਬਾਦਲ ਰਾਜ ਤੋਂ ਸ਼ੁਰੂ ਹੋਈਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀਆਂ ਲਗਾਤਾਰ ਜਾਰੀ ਨੇ। ਕੈਪਟਨ, ਚੰਨੀ ਤੇ ਭਗਵੰਤ ਮਾਨ ਦੇ ਰਾਜ ਵਿੱਚ ਵੀ ਬੇਅਦਬੀ ਘਟਨਾਵਾਂ ਨੂੰ ਠੱਲ੍ਹ ਨਹੀਂ ਪਈ। ਬੇਅਦਬੀਆਂ ਕੇਵਲ ਸਿੱਖ ਕੌਮ ਦੇ ਦੁਸ਼ਮਣਾਂ ਵੱਲੋਂ ਹੀ ਨਹੀਂ ਕੀਤੀਆਂ ਜਾ ਰਹੀਆਂ ਬਲਕਿ ਕੁਝ ਅਖੌਤੀ ਡੇਰੇਦਾਰਾਂ ਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਵੱਲੋਂ ਵੀ ਇਸ ਨੂੰ ਅੰਜ਼ਾਮ ਦਿੱਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਨੇ ਲਾਪਤਾ ਹੋਏ 328 ਪਾਵਨ ਸਰੂਪਾਂ ਦਾ ਅਜੇ ਤਕ ਕੋਈ ਹਿਸਾਬ, ਜਵਾਬ ਜਾਂ ਇਨਸਾਫ਼ ਨਹੀਂ ਦਿੱਤਾ ਸਗੋਂ ਇਸ ਦੇ ਉਲ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ-ਸਤਿਕਾਰ ਬਹਾਲ ਕਰਵਾਉਣ ਵਾਲ਼ੇ ਪੰਥਕ ਸਿੰਘਾਂ-ਸਿੰਘਣੀਆਂ ਉੱਤੇ ਅਥਾਹ ਜ਼ੁਲਮ-ਤਸ਼ੱਦਦ ਢਾਹਿਆ ਤੇ ਨਰੈਣੂ ਮਹੰਤ ਨੂੰ ਵੀ ਮਾਤ ਪਾ ਦਿੱਤੀ। ਕੁਝ ਅਖੌਤੀ ਡੇਰੇਦਾਰ ਬਾਬੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਆਪਣਾ ਸੋਫ਼ਾ ਡਾਹ ਕੇ, ਫੋਟੋਆਂ-ਮੂਰਤੀਆਂ ਰੱਖ ਕੇ ਜਾਂ ਹੋਰ ਮਨਮੱਤਾਂ ਕਰਕੇ ਨਿਰਾਦਰ ਕਰ ਰਹੇ ਹਨ, ਪਰ ਇਹਨਾਂ ਨੂੰ ਕੌਣ ਰੋਕੇ-ਟੋਕੇ ? ਬਾਦਲਾਂ ਦੇ ਥਾਪੇ ਜਥੇਦਾਰ ਅੱਖਾਂ ਮੀਟ ਲੈਂਦੇ ਹਨ ਕਿ ਕਿਤੇ ਉਹ ਸੰਪਰਦਾ-ਡੇਰੇਦਾਰ ਨਰਾਜ਼ ਨਾ ਹੋ ਜਾਵੇ, ਸੰਗਤ ਵੀ ਬਹੁਤ ਅਵੇਸਲੀ ਹੋਈ ਪਈ ਹੈ, ਪ੍ਰਚਾਰਕਾਂ ਤੇ ਰਾਗੀਆਂ-ਢਾਡੀਆਂ ਨੂੰ ਪ੍ਰੋਗਰਾਮ ਬੰਦ ਹੋਣ ਦਾ ਡਰ ਲੱਗਿਆ ਰਹਿੰਦਾ ਹੈ, ਪੰਥ ਦਰਦੀ ਸਿੱਖ ਆਵਾਜ਼ ਬੁਲੰਦ ਕਰਦੇ ਹਨ ਪਰ ਕੋਈ ਨਹੀਂ ਸੁਣਦਾ। ਗੁਰੂ ਸਾਹਿਬ ਜੀ ਦੀਆਂ ਬੇਅਦਬੀਆਂ ਹੋਣ ਕਰਕੇ ਸਿੱਖ ਪੰਥ ਦੀ ਵੀ ਖ਼ੁਆਰੀ ਹੋ ਰਹੀ ਹੈ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲ਼ੇ ਮਹਾਂਪੁਰਖ ਕਿਹਾ ਕਰਦੇ ਸਨ ਕਿ "ਜਿਹੜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੇਅਦਬੀ ਕਰਦਾ ਤੇ ਧੀਆਂ-ਭੈਣਾਂ ਦੀ ਇੱਜ਼ਤ ਲੁੱਟਦਾ ਉਸ ਦੁਸ਼ਟ ਨੂੰ ਸੋਧ ਕੇ ਆਇਓ, ਮੈਂ ਸਾਂਭੂੰਗਾ, ਮੇਰੀ ਭਾਵੇਂ ਚਮੜੀ ਉਧੇੜ ਦਿੱਤੀ ਜਾਵੇ ਪਰ ਮੈਂ ਉਸ ਸਿੱਖ ਦਾ ਵਾਲ ਵਿੰਗਾ ਨਹੀਂ ਹੋਣ ਦਿਆਂਗਾ।" ਇੱਕ ਸਿੱਖ ਲਈ ਗੁਰੂ ਸਾਹਿਬ ਦਾ ਸਤਿਕਾਰ ਬਹਾਲ ਕਰਵਾਉਣਾ ਸਭ ਤੋਂ ਪਹਿਲਾ ਧਰਮ-ਕਰਮ ਹੈ ਤੇ ਇਹੀ ਸੱਚੇ ਸਿੱਖ ਦੀ ਨਿਸ਼ਾਨੀ ਹੈ। ਬੇਅਦਬੀ ਸ਼ਬਦ ਭਾਵੇਂ ਪ੍ਰਚਲਿਤ ਹੋ ਚੁੱਕਾ ਹੈ, ਪਰ ਇਹ ਕੇਵਲ ਬੇਅਦਬੀ ਨਹੀਂ ਬਲਕਿ ਗੁਰੂ ਸਾਹਿਬ 'ਤੇ ਹਮਲਾ ਹੈ ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਭਾਰਤੀ ਕਾਨੂੰਨ ਤੇ ਅਦਾਲਤਾਂ ਦੇ ਸਿੱਖਾਂ ਲਈ ਇਨਸਾਫ਼ ਦੇ ਬੂਹੇ ਬੰਦ ਹਨ। ਜਿਸ ਦੇਸ਼ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਮਸਲੇ 'ਤੇ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲ਼ਦਾ ਓਥੇ ਬਾਕੀ ਮਸਲੇ ਤਾਂ ਕੋਈ ਮਾਇਨੇ ਹੀ ਨਹੀਂ ਰੱਖਦੇ। ਹਿੰਦੁਸਤਾਨ ਨੇ ਸਿੱਖਾਂ ਨੂੰ ਅਹਿਸਾਸ ਕਰਵਾ ਦਿੱਤਾ ਹੈ ਕਿ ਤੁਸੀਂ ਗ਼ੁਲਾਮ ਹੋ, ਅਸੀਂ ਇਨਸਾਫ਼ ਨਹੀਂ ਹੋਣ ਦੇਣਾ, ਦੋਸ਼ੀਆਂ ਦੀ ਸ਼ਰ੍ਹੇਆਮ ਪੁਸ਼ਤ-ਪਨਾਹੀ ਕੀਤੀ ਜਾ ਰਹੀ ਹੈ, ਹਾਲਾਤ ਅਜਿਹੇ ਸਿਰਜੇ ਜਾ ਰਹੇ ਹਨ ਕਿ ਹੁਣ ਸਿੱਖ ਇੱਕ ਵਾਰ ਹੁਣ ਫਿਰ ਹਥਿਆਰਬੰਦ ਰਾਹ ਚੁਣ ਲੈਣ ਤੇ ਅਸੀਂ ਇਸ ਬਹਾਨੇ ਸਿੱਖਾਂ ਨੂੰ ਅੱਤਵਾਦੀ, ਵੱਖਵਾਦੀ, ਦਹਿਸ਼ਤਗਰਦ ਅਤੇ ਖ਼ੂੰਖਾਰ ਕਾਤਲ ਐਲਾਨੀਏ ਤੇ ਇਹਨਾਂ ਦੀ ਨਸਲਕੁਸ਼ੀ ਕਰੀਏ। ਸਿੱਖਾਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਉੱਪਰ ਹੋਰ ਕੁਝ ਨਹੀਂ, ਇਸ ਦੇ ਅਦਬ-ਸਤਿਕਾਰ ਲਈ ਸਿੱਖ ਆਪਣਾ ਖ਼ੂਨ ਵਹਾਉਣ ਤੋਂ ਕਦੇ ਵੀ ਪਿੱਛੇ ਨਹੀਂ ਹਟਦੇ। ਅਸੀਂ ਸਮਝਦੇ ਹਾਂ ਕਿ ਸਮਾਂ ਵੱਧ-ਘੱਟ ਤਾਂ ਲਗ ਸਕਦਾ ਹੈ ਪਰ ਦੋਸ਼ੀਆਂ ਨੂੰ ਸਜ਼ਾਵਾਂ ਜ਼ਰੂਰ ਮਿਲ਼ਣਗੀਆਂ, ਖ਼ਾਲਸਾ ਪੰਥ ਬੜਾ ਸਮਰੱਥ ਹੈ, ਪਾਪੀਆਂ ਨੂੰ ਹਰਗਿਜ਼ ਨਹੀਂ ਬਖ਼ਸ਼ਿਆ ਜਾਏਗਾ, ਬਥੇਰੇ ਪਾਪੀ ਸੋਧੇ ਵੀ ਜਾ ਚੁੱਕੇ ਹਨ। ਇਤਿਹਾਸ ਗਵਾਹ ਹੈ ਕਿ ਖ਼ਾਲਸੇ ਨੇ ਅਬਦਾਲੀ, ਨਾਦਰ ਸ਼ਾਹ, ਮੱਸਾ ਰੰਘੜ, ਜ਼ਕਰੀਆਂ ਖਾਂ ਅਤੇ ਲਖਪਤ ਰਾਏ ਵਰਗੇ ਜ਼ਾਲਮਾਂ ਨੂੰ ਮੌਤ ਦੇ ਘਾਟ ਉਤਾਰ ਕੇ ਆਪਣੇ ਗੁਰੂ ਦੀ ਹੋਈ ਬੇਅਦਬੀ ਦਾ ਬਦਲਾ ਲਿਆ ਤੇ ਖ਼ਾਲਸਾ ਬਾਗੀ ਜਾਂ ਬਾਦਸ਼ਾਹ ਵਾਲ਼ੀ ਫਿਤਰਤ ਨੂੰ ਸੁਰਜੀਤ ਰੱਖਿਆ। ਜਦ ਲਾਹੌਰ 'ਚ ਇੱਕ ਕੂਕਾ ਛਾਲ ਮਾਰ ਕੇ ਗੁਰੂ ਸਾਹਿਬ ਦੇ ਸਰੂਪ 'ਤੇ ਬਹਿ ਗਿਆ ਤੇ ਦੋਨੋਂ ਪਲਕਾਂ ਹੱਥਾਂ 'ਚ ਫੜ ਕੇ ਕਹਿਣ ਲੱਗਾ "ਚੱਲ ਮੇਰੇ ਘੋੜਿਆ"। ਤਾਂ ਉਸ ਸਮੇਂ ਸਰਦਾਰ ਹਰੀ ਸਿੰਘ ਨਲੂਏ ਦੀ ਬੰਸ 'ਚੋਂ ਭਾਈ ਜਵਾਹਰ ਸਿੰਘ ਨੇ ਇਸ ਬੇਅਦਬੀ ਨੂੰ ਨਾ ਸਹਾਰਿਆਂ ਤੇ ਕਿਰਪਾਨ ਨਾਲ਼ ਉਸ ਕੂਕੇ ਦਾ ਸਿਰ ਵੱਢ ਦਿੱਤਾ। ਜਦ ਜੂਨ 1984 'ਚ ਭਾਰਤੀ ਫ਼ੌਜ ਨੇ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹਮਲਾ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪਾਂ ਦੀ ਬੇਅਦਬੀ ਕੀਤੀ ਤਾਂ ਕੌਮ ਦੇ ਹੀਰਿਆਂ ਨੇ ਪਾਪਣ ਇੰਦਰਾ ਗਾਂਧੀ ਨੂੰ ਛਲ਼ਨੀ-ਛਲ਼ਨੀ ਕਰ ਦਿੱਤਾ ਤੇ ਵੈਦਿਆ ਨੂੰ ਪੂਨੇ 'ਚ ਜਾ ਕੇ ਖਿਲਾਰ ਦਿੱਤਾ ਤੇ ਪੰਜਾਬ ਦਾ ਮੈਦਾਨੀ ਇਲਾਕਾ ਹੋਣ ਦੇ ਬਾਵਜੂਦ ਖ਼ਾਲਿਸਤਾਨੀ ਜੁਝਾਰੂਆਂ ਨੇ ਘਰ-ਘਰ ਚਮਕੌਰ ਦੀ ਗੜ੍ਹੀ ਬਣਾ ਦਿੱਤਾ ਤੇ ਦਸ ਸਾਲ ਸਰਕਾਰ ਨੂੰ ਵਖ਼ਤ ਪਾਈ ਰੱਖਿਆ ਤੇ ਗੁਰੂ ਸਾਹਿਬ ਦੇ ਕਾਤਲਾਂ ਨੂੰ ਚੁਣ-ਚੁਣ ਕੇ ਸੋਧਿਆ। ਜਦ ਰਾਜਸਥਾਨ 'ਚ ਸੂਰਜਮੁਨੀ ਅਸਾਧ ਨੇ ਪਾਵਨ ਸਰੂਪਾਂ ਦੀ ਨਿਰਾਦਰੀ ਕਰਕੇ ਕੌਮ ਨੂੰ ਵੰਗਾਰਿਆ ਤਾਂ ਯੋਧਿਆਂ ਨੇ ਦਿਨ-ਦਿਹਾੜੇ ਉਸ ਦਾ ਸਿਰ, ਧੜ ਨਾਲ਼ੋਂ ਅਲੱਗ ਕਰ ਦਿੱਤਾ। ਇਸੇ ਤਰ੍ਹਾਂ ਪਿੰਡ ਸਾਹਨੇਵਾਲ ਵਿਖੇ ਬੇਅਦਬੀ ਕਰਨ ਵਾਲ਼ੇ ਹਵਾਲਾਤ 'ਚ ਬੰਦ ਭਈਏ ਨੂੰ ਵੀ ਠੋਕਿਆ ਗਿਆ ਤੇ ਪਿੰਡ ਘਵੱਦੀ 'ਚ ਬੇਅਦਬੀ ਕਰਨ ਵਾਲ਼ੀ ਔਰਤ ਨੂੰ ਵੀ ਸਿੰਘਾਂ ਨੇ ਨਰਕਾਂ 'ਚ ਪਹੁੰਚਾਇਆ। ਫਿਰ ਬਰਗਾੜੀ ਬੇਅਦਬੀ ਕਾਂਡ ਦਾ ਮੁੱਖ ਦੋਸ਼ੀ ਮਹਿੰਦਰਪਾਲ ਬਿੱਟੂ ਵੀ ਸਰੀਏ ਮਾਰ-ਮਾਰ ਕੇ ਸਿੰਘਾਂ ਨੇ ਨਾਭੇ ਜੇਲ੍ਹ 'ਚ ਸੋਧ ਦਿੱਤਾ ਤੇ ਬੁਰਜ ਜਵਾਹਰਕੇ ਤੋਂ ਗੁਰੂ ਸਾਹਿਬ ਦਾ ਸਰੂਪ ਚੋਰੀ ਕਰਵਾਉਣ ਵਾਲ਼ੇ ਸਿਰਸੇ ਵਾਲ਼ੇ ਦੇ ਚੇਲੇ ਗੁਰਦੇਵ ਪ੍ਰੇਮੀ ਨੂੰ ਵੀ ਤਿੰਨ ਯੋਧਿਆਂ ਨੇ ਮੌਤ ਦੇ ਘਾਟ ਉਤਾਰਿਆ, ਦੁਸ਼ਟ ਪ੍ਰਦੀਪ ਨੂੰ ਵੀ ਉਸ ਦੇ ਪਾਪਾਂ ਦੀ ਸਜ਼ਾ ਦਿੱਤੀ ਅਤੇ ਕਈ ਜੇਲ੍ਹਾਂ 'ਚ ਵੀ ਸਿੰਘਾਂ ਨੇ ਬੇਅਦਬੀ ਕਰਨ ਵਾਲ਼ੇ ਦੋਸ਼ੀਆਂ ਨੂੰ ਰੱਜ ਕੇ ਭੁੰਨਿਆ। ਗੁਰੂ ਸਾਹਿਬ ਦੀ ਬੇਅਦਬੀ ਦੀਆਂ ਜਿੰਨੀਆਂ ਵੀ ਘਟਨਾਵਾਂ ਵਾਪਰੀਆਂ, ਉਹਨਾਂ 'ਚ ਅਣਖੀ ਸਿੱਖਾਂ ਨੇ ਹਰ ਤਰ੍ਹਾਂ ਨਾਲ਼ ਆਪਣਾ ਫ਼ਰਜ ਨਿਭਾਇਆ ਤੇ ਆਪਣੇ ਗੁਰੂ ਦੇ ਮਾਣ-ਸਤਿਕਾਰ ਨੂੰ ਕਾਇਮ ਰੱਖਿਆ ਪਰ ਸਿਆਸੀ ਪਾਰਟੀਆਂ ਦੇ ਆਗੂ ਇੱਕ-ਦੂਜੇ ਨੂੰ ਭੰਡਣ ਅਤੇ ਆਪਣੀ ਸ਼ੋਹਰਤ ਚਮਕਾਉਣ ਲਈ ਫੋਕੀ ਬਿਆਨਬਾਜੀ ਕਰਨ ਤਕ ਹੀ ਸੀਮਿਤ ਰਹੇ। ਇਹਨਾਂ ਰਾਜਨੀਤਿਕ ਬਟੇਰਿਆਂ ਨੂੰ ਬੇਅਦਬੀਆਂ ਦਾ ਕੋਈ, ਦੁੱਖ, ਅਫ਼ਸੋਸ ਜਾਂ ਪਛਤਾਵਾ ਨਹੀਂ, ਬਲਕਿ ਸੱਤਾ ਕਿਵੇਂ ਹਾਸਲ ਕਰਨੀ ਹੈ, ਚਿੰਤਾਂ ਤਾਂ ਇਸ ਗੱਲ ਦੀ ਹੈ। ਕਾਂਗਰਸ, ਬਾਦਲਕੇ, ਭਾਜਪਾ, ਆਮ ਆਦਮੀ ਪਾਰਟੀ ਅਤੇ ਹੋਰਾਂ ਨੇ ਵੋਟਾਂ ਬਟੋਰਨ ਲਈ ਬੇਅਦਬੀਆਂ ਨੂੰ ਮੁੱਦਾ ਬਣਾਇਆ ਹੋਇਆ ਹੈ। ਇਸ ਤੋਂ ਮੰਦਭਾਗੀ ਗੱਲ ਕੀ ਹੋ ਸਕਦੀ ਹੈ ਕਿ ਜਿਸ ਸ਼ਬਦ-ਗੁਰੂ ਦੇ ਅੱਗੇ ਅਸੀਂ ਸ਼ਰਧਾ ਨਾਲ਼ ਆਪਣਾ ਸੀਸ ਝੁਕਾਅ ਕੇ ਦਾਤਾਂ ਮੰਗਦੇ ਹਾਂ, ਉਸ ਗੁਰੂ ਸਾਹਿਬ ਦੇ ਪਾਵਨ ਸਰੂਪ ਮਿਤੀ 1 ਜੂਨ 2015 ਨੂੰ 'ਪਿੰਡ ਬੁਰਜ ਜਵਾਹਰ ਸਿੰਘ ਵਾਲ਼ਾ' ਦੇ ਗੁਰਦੁਆਰਾ ਸਾਹਿਬ ਤੋਂ ਚੋਰੀ ਕਰਕੇ 25 ਸਤੰਬਰ ਦੀ ਰਾਤ ਨੂੰ ਕੰਧਾਂ 'ਤੇ ਪੋਸਟਰ ਲਾ ਕੇ ਸਿੱਖਾਂ ਨੂੰ ਲਲਕਾਰਿਆ ਜਾਂਦਾ ਹੈ ਕਿ "ਸਿੱਖੋ! ਜੇ ਆਪਣੇ ਗੁਰੂ ਨੂੰ ਬਚਾ ਸਕਦੇ ਹੋ ਤਾਂ ਬਚਾ ਲੋ, ਤੁਹਾਡਾ ਗੁਰੂ ਸਾਡੇ ਕੋਲ਼ ਹੈ।" ਫਿਰ 12 ਅਕਤੂਬਰ ਨੂੰ ਬਰਗਾੜੀ ਅਤੇ ਕੋਟਕਪੂਰਾ ਦੀਆਂ ਗਲ਼ੀਆਂ 'ਚ ਗੁਰੂ ਸਾਹਿਬ ਦੇ ਸਰੂਪ ਦੇ ਅੰਗ ਪਾੜ ਕੇ ਖਿਲਾਰ ਦਿੱਤੇ ਜਾਂਦੇ ਹਨ ਤੇ ਜਦ ਬੇਅਦਬੀ ਦੇ ਰੋਸ ਵਜੋਂ ਪੰਜਾਬ ਭਰ ਦੀਆਂ ਸਿੱਖ ਸੰਗਤਾਂ ਸੜਕਾਂ ਜਾਮ ਕਰਕੇ ਸ਼ਾਂਤਮਈ ਢੰਗ ਨਾਲ਼ ਧਰਨੇ ਲਾਉਂਦੀਆਂ ਹਨ ਤਾਂ ਸਤਿਨਾਮੁ-ਵਾਹਿਗੁਰੂ ਦਾ ਜਾਪ ਕਰਦੀਆਂ ਸੰਗਤਾਂ ਉੱਤੇ ਆਪਣੇ ਆਪ ਨੂੰ ਪੰਥਕ ਅਤੇ ਅਕਾਲੀ ਕਹਾਉਣ ਵਾਲ਼ੇ ਬਾਦਲਕੇ ਆਪਣੇ ਚਹੇਤੇ ਡੀ.ਜੀ.ਪੀ. ਸੁਮੇਧ ਸੈਣੀ ਨੂੰ ਹੁਕਮ ਕਰ ਕੇ ਪੁਲੀਸ ਤੋਂ ਗੋਲ਼ੀਆਂ ਦਾ ਮੀਂਹ ਵਰ੍ਹਾਅ ਕੇ ਦੋ ਸਿੰਘਾਂ ਨੂੰ ਸ਼ਹੀਦ ਅਤੇ ਅਨੇਕਾਂ ਨੂੰ ਜਖ਼ਮੀ ਕਰਕੇ ਕਹਿੰਦੇ ਹਨ ਕਿ "ਸਾਨੂੰ ਨਹੀਂ ਪਤਾ ਗੋਲ਼ੀ ਕਿਸ ਨੇ ਚਲਾਈ ਹੈ।" ਬਾਦਲਾਂ ਲਈ ਪੁਲੀਸ ਵੀ ਅਣਪਛਾਤੀ ਬਣ ਜਾਂਦੀ ਹੈ ਤੇ ਜਦ ਬੇਅਦਬੀ ਦੀ ਤਾਰ ਸਿਰਸੇ ਵਾਲ਼ੇ ਬਲਾਤਕਾਰੀ ਅਸਾਧ ਦੇ ਚੇਲਿਆਂ ਤੱਕ ਜੁੜਦੀ ਹੈ ਤਾਂ ਕਾਰਵਾਈ ਠੱਪ ਕਰ ਦਿੱਤੀ ਜਾਂਦੀ ਹੈ, ਇਹ ਹੈ ਬਾਦਲਕਿਆਂ ਦੀ ਕਰਤੂਤ। ਇਸ ਘਟਨਾ ਤੋਂ ਪਹਿਲਾਂ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ, ਤਖ਼ਤਾਂ ਦੇ ਜਥੇਦਾਰਾਂ ਨੂੰ ਆਪਣੀ ਚੰਡੀਗੜ੍ਹ ਵਾਲ਼ੀ ਕੋਠੀ 'ਚ ਸੱਦ ਕੇ ਤਲਬ ਕਰਦੇ ਹਨ ਤੇ ਸਿਰਸੇ ਵਾਲੇ ਅਸਾਧ ਨੂੰ ਮਾਫ਼ੀ ਦੇਣ ਦਾ ਹੁਕਮਨਾਮਾ ਜਾਰੀ ਕਰਨ ਦਾ ਆਦੇਸ਼ ਦਿੰਦੇ ਹਨ। ਸਰਕਾਰੀ ਜਥੇਦਾਰ ਆਪਣੇ ਆਕਾ ਬਾਦਲ ਦੇ ਤਲਵੇਂ ਚੱਟਦਿਆਂ 24 ਸਤੰਬਰ 2015 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਦੁਰਵਰਤੋਂ ਕਰਕੇ ਜਦ ਹੁਕਮਨਾਮਾ ਜਨਤਕ ਕਰਦੇ ਹਨ ਤਾਂ ਕੌਮ 'ਚ ਰੋਹ ਦਾ ਜਵਾਲ਼ਾ ਮੁਖੀ ਫਟਦਾ ਹੈ ਤਾਂ ਬਾਦਲ ਪਰਿਵਾਰ ਦੇ ਚਮਚੇ ਤੁਰੰਤ 16 ਅਕਤੂਬਰ ਨੂੰ ਹੁਕਮਨਾਮਾ ਰੱਦ ਕਰ ਦਿੰਦੇ ਹਨ। ਇਹਨਾਂ ਬਾਦਲਾਂ ਦੇ ਰਾਜ-ਭਾਗ 'ਚ ਜੋ ਗੁਰੂ ਸਾਹਿਬ ਦੀਆਂ ਬੇਅਦਬੀਆਂ ਦਾ ਦੌਰ ਸ਼ੁਰੂ ਹੋਇਆ ਸੀ ਉਹ ਕਈ ਸਾਲ ਬੀਤਣ ਦੇ ਬਾਵਜੂਦ ਵੀ ਨਹੀਂ ਰੁਕ ਰਿਹਾ, ਭਾਵੇਂ ਕਿ ਸਰਕਾਰਾਂ ਬਦਲ ਚੁੱਕੀਆਂ ਹਨ ਪਰ ਸਿਸਟਮ ਨਹੀਂ ਬਦਲਿਆ। ਕੈਪਟਨ ਅਮਰਿੰਦਰ ਸਿੰਘ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੀ ਤਾਂ ਦਿੱਲੀ ਦਰਬਾਰ ਦਾ ਪਿਆਦਾ ਹੈ ਤੇ ਇਹ ਸਭ ਅੰਦਰਖਾਤੇ ਬਾਦਲਾਂ ਦੇ ਯਾਰ ਹਨ। ਹਰ ਮਹੀਨੇ ਬੇਅਦਬੀ ਦੀ ਦੁਖਦਾਈ ਘਟਨਾ ਜਦ ਕੰਨੀਂ ਪੈਂਦੀ ਹੈ ਤਾਂ ਮਨ ਤੜਫ ਉੱਠਦਾ ਹੈ। ਬਹੁਤਾਂਤ ਸਿੱਖਾਂ ਨੂੰ ਸ਼੍ਰੋਮਣੀ ਅਕਾਲੀ ਦਲ 'ਤੇ ਭਰੋਸਾ ਸੀ ਕਿ ਇਹ ਸਿੱਖਾਂ ਹਿੱਤਾਂ ਦੀ ਰਾਖੀ ਕਰਨਗੇ ਤੇ ਬੇਅਦਬੀ ਦੇ ਦੋਸ਼ੀਆਂ ਨੂੰ ਜੇਲ੍ਹਾਂ 'ਚ ਧੱਕਣਗੇ ਪਰ ਬਾਦਲਕੇ ਤਾਂ ਬਾਬਰਕਿਆਂ ਤੋਂ ਵੀ ਅੱਗੇ ਜਾ ਲੰਘੇ। ਇਹਨਾਂ ਨੇ ਗੁਰੂ ਅਤੇ ਪੰਥ ਨਾਲ ਸ਼ਰੇਆਮ ਧੋਖਾ ਕੀਤਾ ਤੇ ਜਿਸ ਵਖ਼ਤ ਸਾਰਾ ਪੰਥ ਬੇਅਦਬੀਆਂ ਕਾਰਨ ਸੰਤਾਪ ਹੰਢਾਅ ਰਿਹਾ ਸੀ, ਉਸ ਸਮੇਂ ਬਾਦਲ ਦਲੀਆਂ ਨੇ ਤਰਨ ਤਾਰਨ ਦੀ ਜ਼ਿਮਨੀ ਚੋਣ ਜਿੱਤ ਕੇ ਭੰਗੜੇ ਪਾਏ ਤੇ ਸਿੱਖਾਂ ਦੇ ਹਿਰਦੇ ਵਲੂੰਧਰੇ। ਜਦ ਕਿ ਉਸ ਸਮੇਂ ਕਾਂਗਰਸ ਅਤੇ ਖ਼ਾਲਿਸਤਾਨੀ-ਪੰਥਕ ਜਥੇਬੰਦੀਆਂ ਨੇ ਰੋਸ ਵਜੋਂ ਚੋਣਾਂ ਨਾ ਲੜਨ ਦਾ ਫੈਸਲਾ ਕੀਤਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਰੀਕ ਬਣੀ ਬੈਠਾ ਡੇਰਾ ਸਿਰਸਾ ਤੇ ਦੇਹਧਾਰੀ ਗੁਰੂ-ਡੰਮ੍ਹ ਦੇ ਹਰ ਅੱਡੇ ਨੂੰ ਅਤੇ ਹੋਰ ਪੰਥ ਦੋਖੀਆਂ, ਵਿਅਕਤੀਆਂ, ਸੰਸਥਾਂਵਾਂ ਅਤੇ ਰੁਝਾਨਾਂ ਨੂੰ ਬਾਦਲ ਦਲ ਨੇ ਹਰ ਤਰ੍ਹਾਂ ਨਾਲ ਸ਼ਿਹ ਅਤੇ ਸਰਪ੍ਰਸਤੀ ਦਿੱਤੀ ਹੋਈ ਹੈ। ਜਿਹੜਾ ਵੀ ਸਿੱਖੀ ਅਤੇ ਸਿੱਖੀ ਖਿਲਾਫ਼ ਸਰਗਰਮ ਹੋਇਆ, ਉਸ ਨੂੰ ਬਾਦਲ ਦਲ ਨੇ ਰੱਜ ਕੇ ਮਾਣ-ਸਤਿਕਾਰ ਦਿੱਤਾ ਹੈ ਤੇ ਆਪਣੇ ਰਾਜ-ਕਾਲ ਵਿੱਚ ਸਿੱਖੀ ਦੀ ਗੱਲ ਕਰਨ ਵਾਲੇ ਹਰੇਕ ਸਿੱਖ ਨੂੰ ਬਾਦਲਕਿਆਂ ਨੇ ਜਲੀਲ ਕੀਤਾ ਸੀ। ਬਾਦਲਾਂ ਨੇ ਦਸ ਸਾਲ ਗੁੰਡਾ-ਗਰਦੀ ਕੀਤੀ ਤੇ ਪੰਥਕ ਸੋਚ ਵਾਲੇ ਸਿੱਖ, ਬਾਦਲਾਂ ਦਾ ਜ਼ੁਲਮ ਝਲਦੇ ਰਹੇ। ਇਹ ਕਰਤੂਤ ਕਾਂਗਰਸ ਜਾਂ ਭਾਜਪਾ ਜਾਂ ਹੋਰਾਂ ਤੋਂ ਤਾਂ ਆਸ ਕੀਤੀ ਜਾ ਸਕਦੀ ਸੀ ਪਰ ਬਾਦਲ ਦਲ ਤੋਂ ਸਿੱਖਾਂ ਨੂੰ ਇਹ ਆਸ ਨਹੀਂ ਸੀ। ਹੁਣ ਤਾਂ ਸਾਫ਼ ਦਿਸ ਰਿਹਾ ਹੈ ਕਿ ਬਾਦਲ ਦਲ ਕਦੇ ਵੀ ਸ਼੍ਰੋਮਣੀ ਅਕਾਲੀ ਦਲ ਨਹੀਂ ਬਣੇਗਾ ਅਤੇ ਭਾਜਪਾਈਆਂ ਤੇ ਕਾਂਗਰਸੀਆਂ ਵਾਂਗ ਸਿੱਖ ਜਜ਼ਬਾਤਾਂ ਖ਼ਿਲਾਫ਼ ਡਟਿਆ ਰਹੇਗਾ। ਇਸ ਤੋਂ ਪਹਿਲਾਂ ਜਸਟਿਸ ਰਣਜੀਤ ਸਿੰਘ ਕਮਿਸ਼ਨ, ਜੋਰਾ ਸਿੰਘ ਕਮਿਸ਼ਨ, ਕਾਟਜੂ ਕਮਿਸ਼ਨ ਅਤੇ ਹੋਰ ਕਈ ਰਿਪੋਰਟਾਂ ਰੁਲ਼ ਗਈਆਂ ਪਰ ਇਨਸਾਫ਼ ਦੀ ਕਿਰਨ ਕਿਧਰੇ ਨਜ਼ਰੀਂ ਨਹੀਂ ਪਈ। ਬਾਦਲ ਦਲੀਆਂ ਦੀਆਂ ਗ਼ੱਦਾਰੀਆਂ ਕਾਰਨ ਹੀ ਸਿੱਖਾਂ ਦੀ ਕਾਤਲ ਜਮਾਤ ਕਾਂਗਰਸ ਅਤੇ ਸਿਰਫ਼ਿਰਿਆਂ ਦੀ ਝਾੜੂ ਪਾਰਟੀ ਦੁੱਧ-ਧੋਤੀਆਂ ਬਣੀਆਂ ਫਿਰਦੀਆਂ ਹਨ। ਇਹ ਸਭ ਸਿਅਸੀ ਲੋਕ ਸਿਆਸੀ ਸਟੰਟ ਕਰਦੇ ਹਨ। ਜੇ ਬਾਦਲਕਿਆਂ ਨੇ ਆਪਣੇ ਰਾਜ-ਕਾਲ ਦੌਰਾਨ ਹੀ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਹੁੰਦੀਆਂ ਤਾਂ ਅੱਜ ਇਹਨਾਂ ਦਾ ਆਹ ਹਾਲ ਨਾ ਹੁੰਦਾ, ਇਹਨਾਂ ਉੱਤੇ ਬੇਅਦਬੀ ਅਤੇ ਗੋਲ਼ੀ ਕਾਂਡ ਦਾ ਕਲੰਕ ਲਗ ਚੁੱਕਾ ਹੈ। ਸਿੱਖਾਂ ਨੂੰ ਛੱਡ ਕੇ ਬਾਦਲਕੇ ਡੇਰਾ ਪ੍ਰੇਮੀਆਂ ਦਾ ਹੀ ਸਾਥ ਦਿੰਦੇ ਰਹੇ ਤਾਂਹੀਂ ਤਾਂ ਬਾਦਲਾਂ ਦੇ ਖ਼ਾਸਮਖ਼ਾਸ ਸਿਕੰਦਰ ਸਿੰਘ ਮਲੂਕੇ ਦੇ ਇੱਕ ਬਜੁਰਗ ਸਿੱਖ ਨੇ ਥੱਪੜ ਜੜਿਆ ਸੀ ਤੇ ਹੋਰਾਂ ਦੀ ਵੀ ਜੂਤ-ਪਤਾਣ ਕੀਤੀ ਗਈ। ਉਸ ਸਮੇਂ ਮਹੀਨਾ-ਭਰ ਸੰਗਤਾਂ ਨੇ ਬਾਦਲਕਿਆਂ ਦਾ ਸੜਕਾਂ ਉੱਤੇ ਨਿਕਲਣਾ ਔਖਾ ਕਰ ਦਿੱਤਾ ਸੀ। ਸੁਖਬੀਰ ਬਾਦਲ ਨੂੰ ਤਾਂ ਇੱਕ ਦਿਨ ਸਿੱਖ ਰੋਹ ਤੋਂ ਡਰਦਿਆਂ ਪੁਲੀਸ ਨੇ ਕੰਧ ਪਾੜ ਕੇ ਕੱਢਿਆ ਸੀ, ਨਹੀਂ ਤਾਂ ਸਿੱਖ ਨੌਜਵਾਨਾਂ ਹੱਥੋਂ ਇਸ ਦਿਨ ਛੋਟੇ ਬਾਦਲ ਦੀ ਵੀ ਚੰਗੀ ਸੇਵਾ ਹੋ ਜਾਣੀ ਸੀ। ਤਖ਼ਤਾਂ ਦੇ ਜਥੇਦਾਰ ਵੀ ਸਰਕਾਰੀ ਸਿਕਿਉਰਟੀਆਂ 'ਚ ਘਿਰੇ ਫਿਰਦੇ ਸਨ ਤੇ ਇਹ ਉਹ ਸਮਾਂ ਸੀ ਜਦੋਂ ਬਾਦਲਾਂ ਨੂੰ ਪੰਥ ਤੋਂ ਖ਼ਤਰਾ ਪੈਦਾ ਹੋ ਗਿਆ ਸੀ। ਬਰਗਾੜੀ ਮੋਰਚਾ ਬੇਅਦਬੀਆਂ ਦੇ ਅਸਲ ਦੋਸ਼ੀਆਂ ਨੂੰ ਨੰਗੇ ਕਰਨ ਅਤੇ ਕਰਵਾਉਣ ਦਾ ਆਧਾਰ ਬਣਿਆ। ਬਾਦਲ ਦਲ ਨੂੰ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਜਿਵੇਂ ਕਾਂਗਰਸ ਦੇ ਮੱਥੇ ਉੱਤੇ ਜੂਨ 1984, ਨਵੰਬਰ 1984 ਅਤੇ ਝੂਠੇ ਮੁਕਾਬਲੇ ਆਦਿਕ ਕਲੰਕ ਹਨ। ਇਸੇ ਤਰ੍ਹਾਂ ਬਰਗਾੜੀ, ਬਹਿਬਲ ਕਲਾਂ ਅਤੇ ਕੋਟਕਪੂਰਾ ਆਦਿਕ ਬੇਅਦਬੀ ਅਤੇ ਗੋਲ਼ੀ ਕਾਂਡ ਬਾਦਲ ਦਲ ਨਾਲ਼ ਇਤਿਹਾਸਕ ਤੌਰ 'ਤੇ ਬਾਦਲ ਦਲ ਉੱਤੇ ਕਲੰਕ ਹਨ। ਕਾਂਗਰਸ ਤਾਂ ਹੈ ਹੀ ਸਿੱਖਾਂ ਦੀ ਦੁਸ਼ਮਣ ਪਰ ਜੋ ਗ਼ੱਦਾਰੀ ਅਤੇ ਮੱਕਾਰੀ 'ਪੰਥ' ਨਾਲ ਬਾਦਲਕਿਆਂ ਨੇ ਕੀਤੀ ਹੈ ਉਹ ਪਾਪ ਬਖਸ਼ੇ ਨਹੀਂ ਜਾ ਸਕਦੇ। ਜੇ ਭਗਵੰਤ ਮਾਨ ਸਰਕਾਰ ਨੇ ਬਾਦਲਕਿਆਂ ਅਤੇ ਹੋਰਾਂ ਦੋਸ਼ੀਆਂ ਖ਼ਿਲਾਫ਼ ਕਾਰਵਾਈ ਨਾ ਕੀਤੀ ਤਾਂ ਪੱਲੇ ਝਾੜੂ ਪਾਰਟੀ ਦੇ ਵੀ ਕੱਖ ਨਹੀਂ ਰਹਿਣਾ। ਇਸ ਵਕਤ ਸਿੱਖ ਜਗਤ ਬੇਹੱਦ ਔਖੀ ਸਥਿਤੀ 'ਚੋਂ ਗੁਜਰ ਰਿਹਾ ਹੈ। ਚੇਤੰਨ ਸਿੱਖਾਂ ਨੂੰ ਤਾਂ ਸਰਕਾਰ ਤੋਂ ਇਨਸਾਫ਼ ਦੀ ਕੋਈ ਉਮੀਦ ਨਹੀਂ ਤੇ ਨਾ ਹੀ ਸਰਕਾਰ ਨੇ ਕੁਝ ਕਰਨਾ ਹੈ ਕਿਉਂਕਿ ਅੰਦਰੋਂ-ਅੰਦਰੀਂ ਪਾਰਟੀਆਂ ਨੂੰ ਇੱਕ-ਦੂਜੇ ਦੀਆਂ ਕਾਲ਼ੀਆਂ ਕਰਤੂਤਾਂ ਪਤਾ ਹਨ ਤੇ ਅਕਾਲੀ-ਕਾਂਗਰਸੀ ਰਲ-ਮਿਲ਼ ਕੇ ਕੁਝ ਸਮੇਂ ਲਈ ਬਾਂਦਰ-ਕਿੱਲਾ ਖੇਡ ਰਹੇ ਹਨ ਤੇ ਜਨਤਾ ਨੂੰ ਮੂਰਖ ਬਣਾ ਰਹੇ ਹਨ। ਕੁਝ ਦਿਨ ਪਹਿਲਾਂ ਜੰਮੂ ਵਿੱਚ ਜਿਸ ਦੁਸ਼ਟ ਬਿੱਲੇ ਨੇ ਗੁਰੂ ਸਾਹਿਬ ਦੇ ਪੰਜ ਪਾਵਨ ਸਰੂਪ ਅਗਨ ਭੇਟ ਕੀਤੇ ਉਸ ਦੇ ਰੋਹ ਤੇ ਰੋਸ ਵਜੋਂ ਜੰਮੂ ਦੇ ਸਿੱਖਾਂ ਨੇ ਉਸ ਦੇ ਘਰ ਨੂੰ ਅੱਗ ਲਾ ਦਿੱਤੀ, ਬੁਲਡੋਜ਼ਰ ਨਾਲ਼ ਢਾਹ ਦਿੱਤਾ ਤੇ ਹੋਰ ਅਖੌਤੀ ਡੇਰੇਦਾਰਾਂ ਅਤੇ ਪੰਥ ਦੋਖੀਆਂ ਨੂੰ ਸੁਨੇਹਾ ਦਿੱਤਾ ਕਿ ਤੁਸੀਂ ਵੀ ਸਾਰੇ ਬਾਜ ਆ ਜਾਓ, ਨਹੀਂ ਤਾਂ ਮਜਬੂਰਨ ਬਾਕੀਆਂ ਦਾ ਵੀ ਏਹੀ ਹਸ਼ਰ ਸਿੱਖਾਂ ਨੂੰ ਕਰਨਾ ਪਏਗਾ। ਜੇਕਰ ਅਸੀਂ ਸੱਚਮੁੱਚ ਪੰਥ-ਪ੍ਰਸਤ ਹਾਂ ਤਾਂ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਹੋਈਆਂ ਬੇਅਦਬੀਆਂ ਦੇ ਇਨਸਾਫ਼ ਲਈ ਖ਼ਾਲਸਾਈ ਰਵਾਇਤਾਂ ਅਨੁਸਾਰ ਆਪ ਹੀ ਕਮਰਕੱਸੇ ਕਰਨੇ ਪੈਣਗੇ, ਤਾਂਹੀਂ ਇਹ ਘਟਨਾਵਾਂ ਠੱਲ੍ਹੀਆਂ ਜਾ ਸਕਦੀਆਂ ਹਨ, ਨਹੀਂ ਤਾਂ ਸਰਕਾਰਾਂ ਵੋਟਾਂ ਲਈ ਅਤੇ ਅਖੌਤੀ ਡੇਰੇਦਾਰ ਨੋਟਾਂ ਲਈ ਸ਼ਖ਼ਸੀ ਪੂਜਾ ਨੂੰ ਬੜਾਵਾ ਦੇਣ ਲਈ ਬੇਅਦਬੀਆਂ ਨੂੰ ਅੰਜਾਮ ਦਿੰਦੇ ਰਹਿਣਗੇ।


**- ਰਣਜੀਤ ਸਿੰਘ ਦਮਦਮੀ ਟਕਸਾਲ (ਪ੍ਰਧਾਨ ਸਿੱਖ ਯੂਥ ਫ਼ੈਡਰੇਸ਼ਨ ਭਿੰਡਰਾਂਵਾਲ਼ਾ)ਮੋ: 88722-93883**

ਘੜੀਐ ਸਬਦੁ ਸਚੀ ਟਕਸਾਲ ॥

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)



# ਮਹਾਨ ਗੁਰਮਤਿ ਸਮਾਗਮ

☛ ਜਨਮ ਦਿਹਾੜਾ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਕੱਥੂਨੰਗਲ ਅੰਮ੍ਰਿਤਸਰ। ☛ ਜਨਮ ਦਿਵਸ ਪਿਆਰੇ ਭਾਈ ਧਰਮ ਸਿੰਘ ਸਾਹਿਬ ਜੀ। ☛ ਗੁਰਤਾਗੱਦੀ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ( ਨਾਂਦੇੜ ) ☛ ਜੋਤੀ ਜੋਤ ਧੰਨ ਧੰਨ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੂੰ ਸਮਰਪਿਤ ਗੁਰਮਿਤ ਸਮਾਗਮ ਕਰਵਾਏ ਜਾ ਰਹੇ ਹਨ।



**ਸ਼ਨਿੱਚਰਵਾਰ 25 ਅਕਤੂਬਰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸਜਣਗੇ।**

ਐਤਵਾਰ 26 ਅਕਤੂਬਰ 2025 ਨੂੰ 6:30 ਵਜੇ ਸਵੇਰੇ ਚੋਪੈਹਿਰੇ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9:30 ਵਜੇ ਭੋਗ ਪੈਣਗੇ ਉਪਰੰਤ 12:30 ਵਜੇ ਤੱਕ ਦੀਵਾਨ ਸਜਣਗੇ।

ਰਾਗੀ ਜਥਾ ਬੀਬੀ ਕੰਵਲਦੀਪ ਕੌਰ ਬੈਰਗਾਮੋ ਵਾਲੇ ਕੀਰਤਨ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

**ਸਾਧ ਸੰਗਤ, ਪ੍ਰਬੰਧਕ ਕਮੇਟੀ**
ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778